੧ੴ ਵਾਹਿਗੁਰੂ ਜੀ ਕੀ ਫ਼ਤਹ ॥

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਵੱਲੋਂ

ਪ੍ਰਕਾਸ਼ਿਤ ਕੀਤੀ ਗਈ

## ਚੌਥੀ ਜਮਾਤ ਦੇ ਬੱਚਿਆਂ ਲਈ

# ਧਰਮ ਪੋਥੀ ਨੰਬਰ ੪

ਲੇਖਕ :

ਪ੍ਰੋ: ਕਰਤਾਰ ਸਿੰਘ ਐਮ. ਏ.

ਪ੍ਰਕਾਸ਼ਕ :

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ ।

ਭੇਟਾ ੩/-

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ੴ ਸਤਿਗੁਰ ਪ੍ਰਸਾਦਿ ॥

# ਧਰਮ ਪੋਥੀ ਨੰਬਰ ੪

## ੧. ਸ੍ਰੀ ਗੁਰੂ ਰਾਮਦਾਸ ਜੀ ਦੇ ਸਾਹਿਬਜ਼ਾਦੇ

ਚਉਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਤਿੰਨ ਸਾਹਿਬਜ਼ਾਦੇ (ਪੁੱਤਰ) ਸਨ । ਸਭ ਤੋਂ ਵੱਡਾ ਪ੍ਰਿਥੀ ਚੰਦ ਜਾਂ ਪ੍ਰਿਥੀਆ ਸੀ । ਵਿਚਲੇ ਦਾ ਨਾਂ ਸ੍ਰੀ ਮਹਾਂਦੇਵ ਸੀ ਅਤੇ ਸਭ ਤੋਂ ਛੋਟੇ ਦਾ ਨਾਂ ਸ੍ਰੀ ਅਰਜਨ ਦੇਵ ਜੀ ਸੀ ।

ਪ੍ਰਿਥੀਆ ਬੜਾ ਚਾਤਰ ਅਤੇ ਚਾਲਾਕ ਸੀ । ਦੁਨੀਆਂ ਦੇ ਕਾਰ-ਵਿਹਾਰ ਵਿੱਚ ਉਹ ਬੜਾ ਚੁਸਤ ਅਤੇ ਸਿਆਣਾ ਸੀ । ਜਦੋਂ ਤੋਂ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰ-ਗੱਦੀ ਸੰਭਾਲੀ ਸੀ ਓਦੋਂ ਤੋਂ ਹੀ ਪ੍ਰਿਥੀਆ ਡੇਰੇ ਦੇ ਪ੍ਰਬੰਧ ਵਿੱਚ ਸਭ ਤੋਂ ਬਹੁਤਾ ਹਿੱਸਾ ਲੈਣ ਲੱਗ ਪਿਆ ਸੀ । ਆਈਆਂ ਸੰਗਤਾਂ ਦੀ ਸੇਵਾ-ਸੰਭਾਲ ਅਤੇ ਉਤਾਰੇ ਦਾ ਬੰਦੋਬਸਤ, ਲੰਗਰ ਦਾ ਪ੍ਰਬੰਧ, ਚੜ੍ਹਾਵੇ ਤੇ ਹੋਰ ਆਮਦਨ ਨੂੰ ਰੱਖਣ, ਧਰਨ ਤੇ ਖਰਚਣ, ਵਰਤਣ ਦਾ ਸਾਰਾ ਕੰਮ ਪ੍ਰਿਥੀਆ ਬੜੇ ਧਿਆਨ ਨਾਲ ਕਰਦਾ ਹੁੰਦਾ ਸੀ । ਸਭ ਕਾਸੇ ਦਾ ਕਰਤਾ ਧਰਤਾ ਹੋਣ ਕਰਕੇ ਸੰਗਤਾਂ ਵਿੱਚ ਉਸ ਦੀ ਚੋਖੀ ਜਾਣ-ਪਛਾਣ ਅਤੇ ਚੰਗਾ ਅਸਰ-ਰਸੂਖ ਸੀ । ਉਹ ਆਪਣੇ ਵਾਸਤੇ ਵੱਖਰੀ ਮਾਇਆ ਵੀ ਇਕੱਠੀ ਕਰੀ ਜਾਂਦਾ ਸੀ । ਇਸ ਧਨ ਆਸਰੇ ਉਹ ਵੱਡੇ ਆਦਮੀਆਂ ਤੇ ਹਾਕਮਾਂ ਨਾਲ ਮੇਲ-ਜੋਲ ਅਤੇ ਦੋਸਤੀ ਕਾਇਮ ਕਰੀ ਜਾਂਦਾ ਸੀ ।

ਇਹ ਸਭ ਕੁਝ ਉਹ ਖ਼ਾਸ ਮਤਲਬ ਲਈ ਕਰਦਾ ਸੀ । ਉਹ ਸ੍ਰੀ ਗੁਰੂ ਰਾਮਦਾਸ ਜੀ ਮਗਰੋਂ ਗੁਰ-ਗੱਦੀ ਮੱਲਣੀ ਚਾਹੁੰਦਾ ਸੀ । ਉਹ ਡੇਰੇ ਤੇ ਲੰਗਰ ਆਦਿ ਦੀ ਅਣਥੱਕ ਸੇਵਾ ਇਸ ਖਿਆਲ ਨਾਲ ਕਰਦਾ ਸੀ ਕਿ ਗੁਰੂ-ਘਰ ਵਿੱਚ ਸੇਵਾ ਤੋਂ ਮੇਵਾ ਮਿਲਦਾ ਹੈ । ਉਹ ਸਮਝਦਾ ਸੀ ਕਿ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਕਰਕੇ

Sri Satguru Jagjit Singh Ji eLibrary NamdhariElibrary@gmail.com

ਗੁਰ-ਗੱਦੀ ਪ੍ਰਾਪਤ ਕੀਤੀ। ਫੇਰ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਕੇ ਗੁਰਿਆਈ ਲਈ ਅਤੇ ਮੇਰੇ ਪਿਤਾ ਜੀ ਤੀਜੇ ਪਾਤਸ਼ਾਹ ਦੀ ਸੇਵਾ ਕਰਕੇ ਗੁਰੂ ਬਣੇ। ਇਸ ਕਰਕੇ ਜੇ ਮੈਂ ਚਉਥੇ ਪਾਤਸ਼ਾਹ ਦੀ ਅਣਥੱਕ ਸੇਵਾ ਕਰਾਂਗਾ, ਤਾਂ ਗੁਰ-ਗੱਦੀ ਜ਼ਰੂਰ ਮੈਨੂੰ ਮਿਲੇਗੀ।

ਇਸ ਦੇ ਨਾਲ ਹੀ ਉਸ ਨੇ ਸੰਗਤਾਂ ਵਿੱਚ ਰਸੂਖ਼ ਅਤੇ ਵੱਡੇ ਆਦਮੀਆਂ ਅਤੇ ਹਾਕਮਾਂ ਨਾਲ ਦੋਸਤੀ ਕਾਇਮ ਕੀਤੀ ਸੀ। ਉਸ ਦਾ ਖਿਆਲ ਸੀ ਕਿ ਇਹ ਸਭ ਕੁਝ ਹੀ ਮੇਰੇ ਮਨੋਰਥ ਦੀ ਸਫਲਤਾ ਵਿੱਚ ਸਹਾਈ ਹੋਵੇਗਾ। ਨਾਲੇ ਉਹ ਖਿਆਲ ਕਰੀ ਬੈਠਾ ਸੀ ਕਿ ਮੈਂ ਗੁਰੂ ਜੀ ਦਾ ਸਭ ਤੋਂ ਵੱਡਾ ਪੁੱਤਰ ਹਾਂ ਇਸ ਕਰਕੇ ਉਂਞ ਹੀ ਗੱਦੀ ਦਾ ਹੱਕਦਾਰ ਹਾਂ।

ਉਸ ਦੇ ਇਹ ਸੱਭੇ ਖਿਆਲ ਗਲਤ ਸਨ; ਉਸ ਦੇ ਸਭ ਜਤਨ ਬੇ-ਅਰਥ ਸਨ। ਉਸ ਨੂੰ ਇਹ ਸਮਝ ਹੀ ਨਹੀਂ ਸੀ ਕਿ ਦੂਜੇ, ਤੀਜੇ ਤੇ ਚੌਥੇ ਪਾਤਸ਼ਾਹ ਨੇ ਜੋ ਸੇਵਾ ਕੀਤੀ ਸੀ, ਉਹ ਗੱਦੀ ਦੇ ਲਾਲਚ ਕਰਕੇ ਨਹੀਂ ਸੀ ਕੀਤੀ। ਉਹਨਾਂ ਦਾ ਇੱਕੋ ਇਕ ਮਨੋਰਥ ਇਹ ਸੀ ਕਿ ਆਪਣੇ ਗੁਰੂ ਜੀ ਨੂੰ ਖੁਸ਼ ਕੀਤਾ ਜਾਵੇ, ਉਹਨਾਂ ਦੀਆਂ ਖੁਸ਼ੀਆਂ ਤੇ ਮਿਹਰਾਂ ਪ੍ਰਾਪਤ ਕੀਤੀਆਂ ਜਾਣ। ਨਾਲੇ ਗੁਰ-ਗੱਦੀ ਜੱਦੀ ਜਾਇਦਾਦ ਵਰਗੀ ਸ਼ੈ ਤਾਂ ਨਹੀਂ ਸੀ। ਇਹ ਤਾਂ ਉਸ ਨੂੰ ਮਿਲਦੀ ਸੀ, ਜਿਸ ਉੱਪਰ ਕਰਤਾਰ ਦੀ ਮਿਹਰ ਹੋਵੇ, ਜੋ ਇਸ ਵੱਡੀ ਉੱਤਮ ਕਾਰ ਤੇ ਸੇਵਾ ਲਈ ਰੱਬ ਵੱਲੋਂ ਚੁਣਿਆ ਜਾਵੇ। ਗੁਰ-ਗੱਦੀ ਦੀਆਂ ਜ਼ਿੰਮੇਵਾਰੀਆਂ ਉਹ ਹੀ ਨਿਭਾਅ ਸਕਦਾ ਸੀ, ਜਿਸ ਵਿੱਚ ਪ੍ਰਮਾਤਮਾ ਨੇ ਖਾਸ ਉੱਚੇ ਗੁਣ ਭਰੇ ਹੋਣ। ਪ੍ਰਿਥੀਏ ਵਿੱਚ ਇਹ ਉੱਤਮ ਗੁਣ ਨਹੀਂ ਸਨ ਜਿਹੜੇ ਗੁਰਸਿੱਖਾਂ ਵਿੱਚ ਅਤੇ ਸਿੱਖਾਂ ਦੇ ਗੁਰੂ ਵਿੱਚ ਹੋਣੇ ਚਾਹੀਦੇ ਹਨ।

ਸ੍ਰੀ ਗੁਰੂ ਰਾਮਦਾਸ ਜੀ ਦੇ ਦੂਜੇ ਸਪੁੱਤਰ ਮਹਾਂਦੇਵ ਜੀ ਸਨ। ਉਹ ਮਸਤ ਸਾਧੂ ਸਨ। ਉਹ ਵੱਖਰੇ ਜਿਹੇ ਹੀ ਰਹਿੰਦੇ ਸਨ। ਉਹ ਕਿਸੇ ਸੰਸਾਰੀ ਕੰਮ-ਕਾਰ ਜਾਂ ਵਰਤੋਂ-ਵਿਹਾਰ ਵੱਲ ਧਿਆਨ ਨਹੀਂ ਸਨ ਦਿਆ ਕਰਦੇ। ਇਸ ਕਰਕੇ ਉਹਨਾਂ ਵਿੱਚ ਵੀ ਉਹ ਗੁਣ ਨਹੀਂ ਸਨ,

Sri Satguru Jagjit Singh Ji eLibrary NamdhariElibrary@gmail.com

ਜਿਹੜੇ ਗੁਰ-ਗੱਦੀ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਵਾਲੇ ਵਿੱਚ ਹੋਣੇ ਚਾਹੀਦੇ ਹਨ। ਉਹ ਆਪ ਵੀ ਇਹ ਗੱਲ ਚੰਗੀ ਤਰ੍ਹਾਂ ਸਮਝਦੇ ਸਨ। ਉਹਨਾਂ ਨੂੰ ਗੁਰ-ਗੱਦੀ ਬਾਰੇ ਕਦੇ ਖਿਆਲ ਤੀਕ ਨਹੀਂ ਸੀ ਆਇਆ।

ਚੌਥੇ ਪਾਤਸ਼ਾਹ ਦੇ ਤੀਜੇ ਸਪੁੱਤਰ ਸ੍ਰੀ ਅਰਜਨ ਦੇਵ ਜੀ ਸਨ। ਉਹਨਾਂ ਵਿੱਚ ਗੁਰਸਿੱਖਾਂ ਵਾਲੇ ਸਾਰੇ ਗੁਣ ਮੌਜੂਦ ਸਨ। ਉਹ ਹਰ ਵੇਲੇ ਨਾਮ ਜਪਦੇ ਅਤੇ ਹੱਥੀਂ ਸੇਵਾ ਕਰਦੇ ਰਹਿੰਦੇ ਸਨ। ਪਹਿਲੇ ਚਹੁੰਆਂ ਗੁਰੂ ਸਾਹਿਬਾਂ ਦੀ ਰਚੀ ਹੋਈ ਬਾਣੀ ਦੀ ਉਹਨਾਂ ਨੂੰ ਪੂਰੀ-ਪੂਰੀ ਸਮਝ ਸੀ। ਉਹ ਬੜੇ ਪ੍ਰੇਮ ਨਾਲ ਇਸ ਦਾ ਪਾਠ ਕਰਦੇ ਰਹਿੰਦੇ ਸਨ। ਉਹਨਾਂ ਨੂੰ ਕਿਸੇ ਪ੍ਰਕਾਰ ਦਾ ਲਾਲਚ ਜਾਂ ਮਾਣ, ਹੰਕਾਰ ਨਹੀਂ ਸੀ। ਉਹਨਾਂ ਦਾ ਸੁਭਾਅ ਬੜਾ ਮਿੱਠਾ ਅਤੇ ਸ਼ਾਂਤੀ ਵਾਲਾ ਸੀ। ਉਹ ਹਰ ਤਰ੍ਹਾਂ ਮਾਤਾ-ਪਿਤਾ ਦੀ ਆਗਿਆ ਵਿੱਚ ਤੁਰਦੇ ਅਤੇ ਉਹਨਾਂ ਦੀ ਸੇਵਾ ਕਰਦੇ ਸਨ। ਉਹ ਆਪਣੇ ਪਿਤਾ, ਸ੍ਰੀ ਗੁਰੂ ਰਾਮਦਾਸ ਜੀ ਨੂੰ 'ਗੁਰੂ' ਜਾਣ ਕੇ ਪੂਜਦੇ ਸਨ। ਉਹ ਹਰ ਵੇਲੇ ਉਹਨਾਂ ਦੇ ਹੁਕਮਾਂ ਦੀ ਪਾਲਣਾ ਕਰਕੇ ਉਹਨਾਂ ਦੀ ਖੁਸ਼ੀ ਪ੍ਰਾਪਤ ਕਰਨ ਦੇ ਜਤਨਾਂ ਵਿੱਚ ਲੱਗੇ ਰਹਿੰਦੇ ਸਨ। ਗੁਰ-ਗੱਦੀ ਪ੍ਰਾਪਤ ਕਰਨ ਤੇ ਗੁਰੂ ਬਣਨ ਦੀ ਖਾਹਿਸ਼ ਤਾਂ ਉਹਨਾਂ ਦੇ ਮਨ ਦੇ ਕਦੇ ਨੇੜੇ ਵੀ ਨਹੀਂ ਸੀ ਢੁਕੀ। ਉਹ ਤਾਂ ਆਪਣੇ ਆਪ ਨੂੰ ਗੁਰੂ ਜੀ ਅਤੇ ਉਹਨਾਂ ਦੀ ਸੰਗਤ ਦਾ ਦਾਸ ਜਾਂ ਸੇਵਕ ਸਮਝਦੇ ਸਨ।

ਸਭ ਤੋਂ ਵੱਡੀ ਗੱਲ ਇਹ ਕਿ ਪਿਤਾ ਪ੍ਰਮਾਤਮਾ ਨੇ ਧੁਰੋਂ ਹੀ ਆਪ ਨੂੰ ਗੁਰ-ਗੱਦੀ ਦੀ ਕਰੜੀ ਜ਼ਿੰਮੇਵਾਰੀ ਨਿਭਾਉਣ ਲਈ ਮਿੱਥ ਛੱਡਿਆ ਹੋਇਆ ਸੀ। ਇਸ ਬਾਰੇ ਗੁਰੂ ਅਮਰਦਾਸ ਜੀ ਇਉਂ ਬਚਨ ਵੀ ਕਰ ਗਏ ਹੋਏ ਸਨ। ਇਕ ਵੇਰ ਛੋਟੀ ਉਮਰੇ ਸ੍ਰੀ ਅਰਜਨ ਦੇਵ ਜੀ ਰਿੜ੍ਹਦੇ-ਰਿੜ੍ਹਦੇ ਸ੍ਰੀ ਗੁਰੂ ਅਮਰਦਾਸ ਜੀ ਦੀ ਗੱਦੀ ਉੱਪਰ ਜਾ ਬੈਠੇ। ਗੁਰੂ ਜੀ ਨੇ ਹੱਸ ਕੇ ਕਿਹਾ- 'ਪੁੱਤਰਾ, ਅਜੇ ਵੇਲਾ ਨਹੀਂ ਆਇਆ ਤੇਰਾ ਇਸ ਗੱਦੀ ਉੱਤੇ ਬਹਿਣ ਦਾ!' ਬੀਬੀ ਭਾਨੀ ਜੀ ਉਦੋਂ ਹੀ ਸਮਝ ਗਏ ਸਨ ਕਿ ਸ੍ਰੀ ਅਰਜਨ ਦੇਵ ਜੀ ਨੂੰ ਗੁਰੂ-ਗੱਦੀ ਦੀ ਜ਼ਿੰਮੇਵਾਰੀ ਸੰਭਾਲਣੀ ਪਵੇਗੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਪਨ ਵਿੱਚ ਹੀ ਇਕ ਹੋਰ ਮੌਕੇ ਉੱਪਰ ਗੁਰੂ ਅਮਰਦਾਸ ਜੀ ਨੇ ਸ੍ਰੀ ਅਰਜਨ ਦੇਵ ਜੀ ਨੂੰ ਕਿਹਾ ਸੀ :-

Sri Satguru Jagjit Singh Ji eLibrary NamdhariElibrary@gmail.com

'ਦੋਹਿਤਾ ਬਾਣੀ ਦਾ ਬੋਹਿਥਾ* ।'

ਇਸ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਇਹ ਜਾਣਦੇ ਸਨ ਕਿ ਸਾਡੇ ਮਗਰੋਂ ਗੁਰ-ਗੱਦੀ ਦੀ ਸੇਵਾ ਤੇ ਜ਼ਿੰਮੇਵਾਰੀ ਸ੍ਰੀ ਅਰਜਨ ਦੇਵ ਨੂੰ ਹੀ ਮਿਲਣੀ ਹੈ । ਸੰਗਤਾਂ ਵੀ ਇਹ ਸਮਝਦੀਆਂ ਸਨ ਕਿ ਤਿੰਨਾਂ ਭਰਾਵਾਂ ਵਿੱਚੋਂ ਅਤੇ ਸਭ ਸਿੱਖਾਂ ਵਿੱਚੋਂ ਕੇਵਲ ਸ੍ਰੀ ਅਰਜਨ ਦੇਵ ਹੀ ਗੁਰੂ ਬਣਨ ਦੇ ਲਾਇਕ ਹਨ । ਇਹ ਗੱਲ ਵੀ ਸਭ ਜਾਣਦੇ ਸਨ ਕਿ ਪ੍ਰਿਥੀਆ ਆਪਣੇ ਆਪ ਨੂੰ ਗੁਰ-ਗੱਦੀ ਦਾ ਹੱਕਦਾਰ ਸਮਝਦਾ ਹੈ ਅਤੇ ਗੁਰੂ ਬਣਨ ਦੀਆਂ ਤਿਆਰੀਆਂ ਕਰ ਰਿਹਾ ਹੈ ।

## ਪ੍ਰਸ਼ਨ

੧. ਸ੍ਰੀ ਗੁਰੂ ਰਾਮਦਾਸ ਜੀ ਦੇ ਕਿੰਨੇ ਅਤੇ ਕਿਹੜੇ ੨ ਸਾਹਿਬਜ਼ਾਦੇ ਸਨ ? ਉਹਨਾਂ ਦੇ ਸੁਭਾਅ ਅਤੇ ਲੱਛਣ ਬਿਆਨ ਕਰੋ ।

੨. ਸ੍ਰੀ ਗੁਰੂ ਰਾਮਦਾਸ ਜੀ ਦਾ ਕਿਹੜਾ ਸਾਹਿਬਜ਼ਾਦਾ ਆਪਣੇ ਆਪ ਨੂੰ ਗੁਰ-ਗੱਦੀ ਦਾ ਹੱਕਦਾਰ ਸਮਝਦਾ ਸੀ ਅਤੇ ਕਿਸ ਕਰਕੇ ? ਕੀ ਉਹ ਗੁਰ-ਗੱਦੀ ਦੇ ਲਾਇਕ ਸੀ ? ਕਿਉਂ ?

੩. ਸ੍ਰੀ ਗੁਰੂ ਰਾਮਦਾਸ ਜੀ ਦਾ ਕਿਹੜਾ ਸਾਹਿਬਜ਼ਾਦਾ ਠੀਕ ਹੀ ਗੁਰ-ਗੱਦੀ ਦੇ ਲਾਇਕ ਸੀ ਅਤੇ ਕਿਸ ਕਰਕੇ ?

* ਬੋਹਿਥਾ ਦਾ ਅਰਥ ਹੈ 'ਜਹਾਜ਼' । ਸ੍ਰੀ ਗੁਰੂ ਅਮਰਦਾਸ ਜੀ ਦਾ ਭਾਵ ਇਹ ਸੀ ਕਿ ਸ੍ਰੀ ਅਰਜਨ ਦੇਵ ਜੀ ਬਹੁਤ ਸਾਰੀ ਗੁਰੂ ਬਾਣੀ ਰਚਣਗੇ ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ੨. ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ

ਸ੍ਰੀ ਗੁਰੂ ਰਾਮਦਾਸ ਜੀ ਆਪਣੇ ਤਿੰਨਾਂ ਸਾਹਿਬਜ਼ਾਦਿਆਂ ਦੇ ਸੁਭਾਵਾਂ ਅਤੇ ਵਰਤੋਂ-ਵਿਹਾਰ ਤੋਂ ਪੂਰੀ ਤਰ੍ਹਾਂ ਜਾਣੂੰ ਸਨ। ਉਹਨਾਂ ਕਈ ਵੇਰ ਪਰਖ-ਪਰਤਾ ਕੇ ਵੇਖ ਲਿਆ ਸੀ ਕਿ ਤਿੰਨਾਂ ਵਿੱਚੋਂ ਸ੍ਰੀ ਅਰਜਨ ਦੇਵ ਹੀ ਅਜਿਹੇ ਸਨ ਜੋ ਆਪ ਦੇ ਸਭ ਹੁਕਮ ਖੁਸ਼ੀ-ਖੁਸ਼ੀ ਮੰਨਦੇ ਸਨ ਅਤੇ ਹਰ ਪ੍ਰਕਾਰ ਦੇ ਲਾਲਚ ਜਾਂ ਗੌਂ ਤੋਂ ਦੂਰ ਰਹਿ ਕੇ ਸੇਵਾ ਕਮਾਉਂਦੇ ਸਨ । ਇਕ ਅਜਿਹੇ ਪਰਤਾਵੇ ਦਾ ਸੰਖੇਪ ਹਾਲ ਹੇਠ ਦਿੰਦੇ ਹਾਂ ।

ਗੁਰੂ ਰਾਮਦਾਸ ਜੀ ਦਾ ਜਨਮ ਲਾਹੌਰ ਵਿੱਚ ਹੋਇਆ ਸੀ। ਉਹਨਾਂ ਦੀ ਬਰਾਦਰੀ ਅਤੇ ਚਾਚੇ-ਤਾਏ ਉਥੇ ਰਹਿੰਦੇ ਸਨ। ਆਪ ਦੇ ਤਾਏ ਦੇ ਇਕ ਪੁੱਤਰ ਦਾ ਨਾਂ ਭਾਈ ਸਹਾਰੀ ਮੱਲ ਸੀ । ਉਸ ਦੇ ਪੁੱਤਰ ਦਾ ਵਿਆਹ ਸੀ । ਉਹ ਅੰਮ੍ਰਿਤਸਰ ਆਇਆ ਅਤੇ ਉਸ ਨੇ ਬੇਨਤੀ ਕੀਤੀ, 'ਸੱਚੇ ਪਾਤਸ਼ਾਹ, ਮੇਰੇ ਘਰ ਚਰਨ ਪਾਓ, ਆਪ ਜੀ ਦੇ ਭਤੀਜੇ ਦਾ ਵਿਆਹ ਹੈ, ਆਪ ਜੀ ਦੇ ਉਸ ਵਿੱਚ ਸ਼ਾਮਲ ਹੋਣ ਨਾਲ ਕਾਰਜ ਬਹੁਤ ਸੋਹਣੀ ਤਰ੍ਹਾਂ ਸੰਪੂਰਨ ਹੋਵੇਗਾ ।' ਪਰ ਗੁਰੂ ਜੀ ਨੇ ਕਿਹਾ ਕਿ ਸਾਡਾ ਜਾਣਾ ਸੰਭਵ ਨਹੀਂ । ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਗੁਰੂ ਨਾਨਕ ਦਾ ਉਪਦੇਸ਼ ਸੁਣਨ ਲਈ ਆਉਂਦੀਆਂ ਹਨ । ਇਸ ਵੇਲੇ ਵੀ ਹਨ । ਅਸੀਂ ਵਿਆਹ 'ਤੇ ਚਲੇ ਗਏ ਤਾਂ ਇਹ ਨਿਰਾਸ਼ ਹੋਣਗੀਆਂ, ਇਸ ਕਰਕੇ ਸਾਡਾ ਜਾਣਾ ਠੀਕ ਨਹੀਂ ।

ਗੁਰੂ ਜੀ ਦਾ ਇਹ ਉੱਤਰ ਸੁਣ ਕੇ ਭਾਈ ਸਹਾਰੀ ਮੱਲ ਜੀ ਨੇ ਕਿਹਾ ਕਿ, 'ਜੇ ਤੁਸੀਂ ਨਹੀਂ ਜਾ ਸਕਦੇ, ਤਾਂ ਆਪਣੇ ਕਿਸੇ ਸਾਹਿਬਜ਼ਾਦੇ ਨੂੰ ਘੱਲ ਦਿਓ ।' ਗੁਰੂ ਜੀ ਨੇ ਆਪਣੇ ਵੱਡੇ ਪੁੱਤਰ, ਪ੍ਰਿਥੀ ਚੰਦ ਨੂੰ ਕਿਹਾ, 'ਕਿ ਆਪਣੇ ਤਾਇਆ ਜੀ ਨਾਲ ਜਾਓ ਅਤੇ ਵਿਆਹ ਦਾ ਕਾਰਜ ਭੁਗਤਾ ਆਓ ।' ਪ੍ਰਿਥੀਏ ਨੂੰ ਸੋਚਾਂ ਪੈ ਗਈਆਂ ਕਿ ਕਿਤੇ ਮੇਰੇ ਲਾਹੌਰ ਗਏ ਤੋਂ ਗੁਰੂ ਜੀ ਗੁਰ-ਗੱਦੀ ਕਿਸੇ ਹੋਰ ਨੂੰ ਹੀ ਨਾ ਦੇ ਦੇਣ । ਨਾਲੇ ਉਹ ਆਪਣਾ ਕੰਮ ਕਿਸੇ ਨੂੰ ਸੌਂਪਣਾ ਨਹੀਂ ਸੀ ਚਾਹੁੰਦਾ । ਇਸ ਲਈ

ਉਸ ਨੇ ਉੱਤਰ ਦਿੱਤਾ, 'ਮੈਨੂੰ ਤਾਂ ਰਾਤ ਦਿਨ ਸੇਵਾ ਤੋਂ ਪਲ ਭਰ ਵਿਹਲ ਨਹੀਂ ਮਿਲਦਾ; ਇਹ ਅਜਿਹਾ ਕੰਮ ਹੈ ਜੋ ਹੋਰ ਕਿਸੇ ਪਾਸੋਂ ਨਿਭ ਨਹੀਂ ਸਕਣਾ।'

ਗੁਰੂ ਜੀ ਨੇ ਕਿਹਾ, 'ਤੁਸੀਂ ਇਹ ਚਿੰਤਾ ਨਾ ਕਰੋ। ਗੁਰੂ ਨਾਨਕ ਦੀ ਸੰਗਤ ਵਿੱਚੋਂ ਅਜਿਹੇ ਸਭ ਪ੍ਰਬੰਧ ਕਰਨ ਜੋਗੇ ਬਥੇਰੇ ਨਿੱਤਰ ਆਉਣਗੇ।' ਤਾਂ ਫੇਰ ਪ੍ਰਿਥੀਏ ਨੇ ਕਿਹਾ ਕਿ ਵਿਆਹ ਜੰਞਾਂ ਵਿੱਚ ਬੜੀ ਖੇਚਲ ਤੇ ਔਖਿਆਈ ਹੁੰਦੀ ਹੈ, ਅਜਿਹੇ ਝਮੇਲਿਆਂ ਤੋਂ ਦੂਰ ਹੀ ਰਹਿਣਾ ਚਾਹੁੰਦਾ ਹਾਂ।' ਗੱਲ ਕੀ, ਉਸ ਨੇ ਹੁਕਮ ਨਾ ਮੰਨਿਆ।

ਫੇਰ ਗੁਰੂ ਜੀ ਨੇ ਆਪਣੇ ਵਿਚਕਾਰਲੇ ਪੁੱਤਰ ਸ੍ਰੀ ਮਹਾਂ ਦੇਵ ਨੂੰ ਸੱਦਿਆ ਤੇ ਲਾਹੌਰ ਜਾਣ ਲਈ ਕਿਹਾ। ਉਹ ਮੌਜ ਵਿੱਚ ਰਹਿਣ ਵਾਲਾ ਮਸਤ-ਮਲੰਗ ਸਾਧੂ ਸੀ। ਦੁਨੀਆਂ ਦੇ ਕਾਰਾਂ-ਵਿਹਾਰਾਂ ਨਾਲ ਉਸ ਨੂੰ ਕੋਈ ਵਾਸਤਾ ਨਹੀਂ ਸੀ। ਉਸ ਨੇ ਉੱਤਰ ਦਿੱਤਾ, 'ਮਹਾਰਾਜ! ਮੈਨੂੰ ਜਗਤ ਦੇ ਕਾਰਾਂ-ਵਿਹਾਰਾਂ ਦੀ ਕੋਈ ਸਮਝ-ਸੂਝ ਨਹੀਂ; ਨਾਲੇ ਮੈਂ ਵੱਖਰਾ ਹੀ ਰਹਿਣਾ ਚਾਹੁੰਦਾ ਹਾਂ। ਦੁਨੀਆਂ ਦੇ ਸਾਕ ਸਭ ਮਾਇਆ ਦੀ ਖਾਤਰ ਹੁੰਦੇ ਹਨ ਤੇ ਮੈਂ ਇਸ ਤੋਂ ਬਚ ਕੇ ਰਹਿਣਾ ਚਾਹੁੰਦਾ ਹਾਂ। ਨਾ ਮੈਂ ਕਿਸੇ ਦਾ ਸਾਕ ਹਾਂ ਅਤੇ ਨਾ ਹੀ ਮੈਂ ਕਿਸੇ ਦੇ ਵਿਆਹ ਉੱਤੇ ਜਾਣਾ ਚਾਹੁੰਦਾ ਹਾਂ।' ਇਸ ਤਰ੍ਹਾਂ ਸ੍ਰੀ ਮਹਾਂਦੇਵ ਵੀ ਗੁਰੂ ਜੀ ਦੇ ਆਖੇ ਨਾ ਲੱਗਾ।

ਉਸ ਤੋਂ ਮਗਰੋਂ ਗੁਰੂ ਜੀ ਨੇ ਆਪਣੇ ਤੀਜੇ ਸਪੁੱਤਰ ਸ੍ਰੀ ਅਰਜਨ ਦੇਵ ਨੂੰ ਕਿਹਾ, "ਬੇਟਾ! ਆਪਣੇ ਤਾਇਆ ਜੀ ਨਾਲ ਲਾਹੌਰ ਜਾਓ। ਆਪਣੇ ਭਰਾ ਦੇ ਵਿਆਹ ਵਿੱਚ ਸ਼ਾਮਲ ਹੋਵੋ। ਜਦ ਉਹ ਕਾਰਜ ਸੰਪੂਰਨ ਹੋ ਜਾਵੇ, ਆਪਣੀ ਧਰਮਸ਼ਾਲਾ ਵਿੱਚ ਜਾ ਟਿਕਣਾ। ਉਥੇ ਰਹਿ ਕੇ ਸੰਗਤਾਂ ਨੂੰ ਗੁਰ ਨਾਨਕ ਜੀ ਦੀ ਬਾਣੀ ਦਾ ਉਪਦੇਸ਼ ਦੇਣਾ ਤੇ ਗੁਰਸਿੱਖੀ ਦਾ ਪ੍ਰਚਾਰ ਕਰਨਾ। ਜਦੋਂ ਸੱਦ ਭੇਜਾਂਗੇ, ਓਦੋਂ ਆ ਜਾਣਾ।"

ਸ੍ਰੀ ਅਰਜਨ ਦੇਵ ਨੇ 'ਸਤਿ-ਬਚਨ' ਕਹਿ ਕੇ ਸਿਰ ਨਿਵਾਇਆ। ਅਗਲੇ ਦਿਨ ਉਹ ਆਪਣੇ ਤਾਏ ਭਾਈ ਸਹਾਰੀ ਮੱਲ ਜੀ ਨਾਲ ਲਾਹੌਰ

Sri Satguru Jagjit Singh Ji eLibrary NamdhariElibrary@gmail.com

ਚਲੇ ਗਏ । ਜਦ ਵਿਆਹ ਹੋ ਚੁੱਕਾ ਤੇ ਸਾਰਾ ਮੇਲ ਵਿਦਾ ਹੋ ਗਿਆ ਤਾਂ ਸ੍ਰੀ ਅਰਜਨ ਦੇਵ ਜੀ ਧਰਮਸ਼ਾਲਾ ਗੁਰੂ ਰਾਮਦਾਸ ਜਾ ਟਿਕੇ । ਓਥੇ ਨਿੱਤ ਦੀਵਾਨ ਸਜਿਆ ਕਰਨ ਤੇ ਕਥਾ ਕੀਰਤਨ ਹੋਇਆ ਕਰੇ । ਸ੍ਰੀ ਅਰਜਨ ਦੇਵ ਜੀ ਸੰਗਤਾਂ ਨੂੰ ਬਾਣੀ ਸੁਣਾਇਆ ਤੇ ਉਸ ਦੇ ਅਰਥ ਸਮਝਾਇਆ ਕਰਨ ਅਤੇ ਗੁਰਸਿੱਖੀ ਦਾ ਪ੍ਰਚਾਰ ਕਰਿਆ ਕਰਨ ।

ਇਹ ਸਿਲਸਲਾ ਬਹੁਤ ਦੇਰ ਤੱਕ ਚਲਦਾ ਰਿਹਾ । ਚੋਖੇ ਸਮੇਂ ਮਗਰੋਂ ਸ੍ਰੀ ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਨੂੰ ਲਾਹੌਰ ਭੇਜਿਆ ਕਿ ਸ੍ਰੀ ਅਰਜਨ ਦੇਵ ਹੋਰਾਂ ਨੂੰ ਨਾਲ ਲੈ ਆਓ । ਉਹਨਾਂ ਦੇ ਅੰਮ੍ਰਿਤਸਰ ਪੁੱਜਣ 'ਤੇ ਗੁਰੂ ਜੀ ਨੇ ਉਹਨਾਂ ਨਾਲ ਬਹੁਤ ਲਾਡ-ਪਿਆਰ ਕੀਤਾ ਅਤੇ ਉਹਨਾਂ ਦੇ ਕੰਮ ਤੇ ਵਤੀਰੇ ਦੀ ਸਲਾਹੁਤਾ ਕੀਤੀ ।

ਕੁਝ ਚਿਰ ਮਗਰੋਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਸੁੱਝ ਗਿਆ ਕਿ ਸਾਡੇ ਜੋਤੀ-ਜੋਤ ਸਮਾਉਣ ਦਾ ਸਮਾਂ ਆ ਰਿਹਾ ਹੈ । ਆਪ ਨੇ ਚੋਣਵੇਂ ਸਿੱਖਾਂ ਦੀ ਸਲਾਹ ਲੈ ਕੇ ਇਹ ਫੈਸਲਾ ਕਰ ਲਿਆ ਕਿ ਸ੍ਰੀ (ਗੁਰੂ) ਅਰਜਨ ਦੇਵ ਨੂੰ ਗੁਰਿਆਈ ਦਾ ਕੰਮ ਸੌਂਪਿਆ ਜਾਵੇ । ਗੁਰੂ ਜੀ ਨੇ ਇਕ ਦਿਨ ਉਚੇਚਾ ਦੀਵਾਨ ਲਾਇਆ । ਉਸ ਵਿੱਚ ਆਪ ਨੇ ਸ੍ਰੀ ਅਰਜਨ ਦੇਵ ਦੇ ਅੱਗੇ ਪੰਜ ਪੈਸੇ ਤੇ ਨਰੇਲ ਧਰ ਕੇ ਤਿੰਨ ਪ੍ਰਕਰਮਾਂ ਕੀਤੀਆਂ ਅਤੇ ਮੱਥਾ ਟੇਕਿਆ । ਫੇਰ ਆਪ ਨੇ ਬਾਬਾ ਬੁੱਢਾ ਜੀ ਨੂੰ ਆਗਿਆ ਕੀਤੀ ਕਿ ਸ੍ਰੀ ਅਰਜਨ ਦੇਵ ਦੇ ਮੱਥੇ ਉੱਪਰ ਗੁਰਿਆਈ ਦਾ ਤਿਲਕ ਲਾਉ । ਬਾਬਾ ਬੁੱਢਾ ਜੀ ਨੇ ਅਜਿਹਾ ਹੀ ਕੀਤਾ । ਸਭ ਸੰਗਤ ਨੇ ਗੁਰੂ ਅਰਜਨ ਦੇਵ ਜੀ ਅੱਗੇ ਮੱਥਾ ਟੇਕਿਆ ।

ਸ੍ਰੀ ਗੁਰੂ ਅਰਜਨ ਸਾਹਿਬ ਨੂੰ ਗੁਰਿਆਈ ਮਿਲ ਜਾਣ 'ਤੇ ਸ੍ਰੀ ਮਹਾਂਦੇਵ ਜੀ ਤਾਂ ਉਸੇ ਤਰ੍ਹਾਂ ਮਸਤ ਰਹੇ । ਨਾ ਉਹਨਾਂ ਨੇ ਖੁਸ਼ੀ ਕੀਤੀ, ਨਾ ਅਫਸੋਸ ਕੀਤਾ ਅਤੇ ਨਾ ਹੀ ਕੁਝ ਕਿਹਾ, ਪਰ ਪ੍ਰਿਥੀਆ ਬੜਾ ਤਰਲੋ-ਮੱਛੀ ਹੋਇਆ । ਉਹ ਕਹੇ ਕਿ ਗੱਦੀ ਦਾ ਹੱਕ ਮੇਰਾ ਸੀ । ਮੇਰਾ ਹੱਕ ਮਾਰਿਆ ਗਿਆ । ਮੇਰੇ ਨਾਲ ਧੱਕਾ ਹੋਇਆ । ਮੈਂ ਵੀ ਹੁਣ ਆਪਣਾ ਜ਼ੋਰ ਲਾਵਾਂਗਾ ਅਤੇ ਜਿਨ੍ਹਾਂ ਨੇ ਮੇਰਾ ਹੱਕ ਮਾਰਿਆ ਹੈ, ਮੈਂ ਉਹਨਾਂ ਨੂੰ ਚੰਗੀ ਤਰ੍ਹਾਂ ਦੁਖੀ ਕਰਾਂਗਾ । ਮੇਰੇ ਪਾਸ ਧਨ ਹੈ । ਮੇਰੇ ਪਾਸ

Sri Satguru Jagjit Singh Ji eLibrary NamdhariElibrary@gmail.com

ਬਲਵਾਨ ਬੰਦੇ ਹਨ । ਧਨ ਦੇ ਕੇ ਹੋਰ ਤਕੜੇ-ਤਕੜੇ ਆਦਮੀ ਆਪਣੇ ਵੱਲ ਕਰ ਲਵਾਂਗਾ । ਸਰਕਾਰੇ-ਦਰਬਾਰੇ ਮੇਰੀ ਪਹੁੰਚ ਹੈ । ਮੈਂ ਬਾਦਸ਼ਾਹ ਪਾਸ ਜਾ ਫਰਿਆਦ ਕਰਾਂਗਾ । ਮੈਂ ਆਪਣਾ ਹੱਕ ਲੈ ਕੇ ਗੁਰੂ ਬਣ ਕੇ ਵਿਖਾਵਾਂਗਾ । ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਸਮਝਾਇਆ ਤੇ ਹੇਠ ਲਿਖਿਆ ਸ਼ਬਦ ਉਚਾਰਿਆ—

ਸਾਰੰਗ ਮਹਲਾ ੪ ਘਰੁ ੩ ਦੁਪਦਾ ੧ੴ ਸਤਿਗੁਰ ਪ੍ਰਸਾਦਿ ॥
ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥੧॥ਰਹਾਉ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥੧॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥
ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥੨॥੧॥੭॥

ਪਰ ਪ੍ਰਿਥੀਆ ਨਾ ਸਮਝਿਆ, ਉਹ ਹੋਰ ਵੀ ਕੋੜੇ ਬਚਨ ਕਰਦਾ ਰਿਹਾ । ਓੜਕ ਨੂੰ ਗੁਰੂ ਜੀ ਨੇ ਕਿਹਾ, 'ਜਾਓ, ਫੇਰ ਸਾਡੇ ਮੱਥੇ ਨਾ ਲੱਗਣਾ ।' ਉਹ ਵਾਧੂ ਘਾਟੂ ਬੋਲਦਾ-ਬੋਲਦਾ ਚਲਿਆ ਗਿਆ ।

## ਪ੍ਰਸ਼ਨ

੧. *ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਅਰਜਨ ਦੇਵ ਨੂੰ ਲਾਹੌਰ ਕਿਉਂ ਤੇ ਕਿਸ ਮੌਕੇ 'ਤੇ ਭੇਜਿਆ ਅਤੇ ਕੀ ਕਹਿ ਕੇ ਭੇਜਿਆ ?*

੨. *ਸ੍ਰੀ ਅਰਜਨ ਦੇਵ ਜੀ ਲਾਹੌਰ ਵਿੱਚ ਕਦ ਤੀਕ ਰਹੇ ਤੇ ਕੀ ਕਰਦੇ ਰਹੇ ?*

੩. *ਜਦ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਅਰਜਨ ਦੇਵ ਨੂੰ ਗੁਰਿਆਈ ਦਿੱਤੀ ਤਾਂ ਪ੍ਰਿਥੀਏ ਨੇ ਕੀ ਵਤੀਰਾ ਧਾਰਨ ਕੀਤਾ ?*

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ੩. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਮਰ ਤੀਹਾਂ ਵਰ੍ਹਿਆਂ ਤੋਂ ਉੱਪਰ ਹੋ ਚੁੱਕੀ ਸੀ। ਉਹਨਾਂ ਦੇ ਵਿਆਹ ਹੋਏ ਨੂੰ ਵੀ ਪੰਦਰਾਂ ਵਰ੍ਹੇ ਹੋ ਚੁੱਕੇ ਸਨ, ਪਰ ਉਹਨਾਂ ਦੇ ਘਰ ਔਲਾਦ ਕੋਈ ਨਹੀਂ ਸੀ ਹੋਈ। ਉਹਨਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਦਾ ਇਕ ਪੁੱਤਰ ਸੀ ਉਸ ਦਾ ਨਾਂ ਮਿਹਰਬਾਨ ਸੀ। ਗੁਰੂ ਜੀ ਉਸ ਨੂੰ ਪੁੱਤਰਾਂ ਵਾਗੂੰ ਜਾਣਦੇ ਤੇ ਪਾਲਦੇ ਸਨ। ਪ੍ਰਿਥੀ ਚੰਦ ਤੇ ਉਸ ਦੀ ਵਹੁਟੀ ਸਮਝਦੇ ਸਨ ਕਿ ਗੁਰੂ ਅਰਜਨ ਦੇਵ ਜੀ ਦੇ ਘਰ ਕੋਈ ਪੁੱਤਰ ਨਹੀਂ, ਇਸ ਕਰਕੇ ਉਹਨਾਂ ਮਗਰੋਂ ਗੱਦੀ ਸਾਡੇ ਹੀ ਪੁੱਤਰ ਨੂੰ ਮਿਲਣੀ ਹੈ। ਇਕ ਦਿਨ ਪ੍ਰਿਥੀ ਚੰਦ ਦੀ ਵਹੁਟੀ ਨੇ ਮਾਤਾ ਗੰਗਾ ਜੀ ਨੂੰ ਮਿਹਣਾ ਮਾਰਿਆ, 'ਕੀ ਹੋਇਆ ਜੇ ਤੁਸਾਂ ਧੱਕੇ ਨਾਲ ਗੱਦੀ ਸੰਭਾਲ ਲਈ ਤਾਂ ? ਇਹ ਆਉਣੀ ਤਾਂ ਅੰਤ ਨੂੰ ਸਾਡੇ ਹੀ ਘਰ ਹੈ ਨਾ !'

ਇਹ ਗੱਲ ਸੁਣ ਕੇ ਮਾਤਾ ਗੰਗਾ ਜੀ ਬਹੁਤ ਦੁਖੀ ਹੋਏ। ਉਹਨਾਂ ਨੇ ਇਹ ਗੱਲ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦੱਸੀ ਅਤੇ ਬੇਨਤੀ ਕੀਤੀ, 'ਆਪ ਹਰੇਕ ਦੀ ਇੱਛਿਆ ਪੂਰੀ ਕਰਦੇ ਹੋ ਅਤੇ ਲੋਕਾਂ ਨੂੰ ਮੂੰਹੋਂ ਮੰਗੀਆਂ ਮੁਰਾਦਾਂ ਦਿੰਦੇ ਹੋ। ਮੇਰੀ ਵੀ ਇਕ ਮੁਰਾਦ ਪੂਰੀ ਕਰੋ। ਮੈਨੂੰ ਪੁੱਤਰ ਦੀ ਦਾਤ ਬਖਸ਼ੋ।' ਅੱਗੋਂ ਗੁਰੂ ਜੀ ਬੋਲੇ, 'ਗੁਰੂ ਨਾਨਕ ਦੇਵ ਜੀ ਦੇ ਘਰ ਕਿਸੇ ਗੱਲ ਦਾ ਘਾਟਾ ਨਹੀਂ। ਸੱਚੇ ਦਿਲ ਨਾਲ ਅਰਦਾਸ ਕੀਤੀ ਜਾਵੇ, ਤਾਂ ਗੁਰੂ ਮਨ ਦੀ ਮੁਰਾਦ ਪੂਰੀ ਕਰਦਾ ਹੈ। ਸੱਚੇ ਸਿੱਖ ਦੀ ਅਰਦਾਸ ਬੰਦਿਆਂ ਦੇ ਮੱਥੇ ਦੇ ਲੇਖ ਵੀ ਬਦਲ ਸਕਦੀ ਹੈ। ਬਾਬਾ ਬੁੱਢਾ ਜੀ ਗੁਰੂ ਨਾਨਕ ਦੇਵ ਜੀ ਦੇ ਸੱਚੇ-ਸੁੱਚੇ ਤੇ ਪੂਰੇ ਸਿੱਖ ਹਨ। ਉਹ ਬੜੀ ਕਰਨੀ ਵਾਲੇ ਉੱਚੇ ਬੰਦੇ ਹਨ। ਉਹਨਾਂ ਦੀ ਅਰਦਾਸ ਕਦੇ ਖਾਲੀ ਨਹੀਂ ਜਾ ਸਕਦੀ। ਉਹਨਾਂ ਦਾ ਬਚਨ ਝੂਠਾ ਨਹੀਂ ਹੁੰਦਾ। ਜੇ ਉਹ ਅਰਦਾਸ ਕਰਨ ਤਾਂ ਤੁਹਾਡੀ ਮੁਰਾਦ ਜ਼ਰੂਰ ਪੂਰੀ ਹੋਵੇਗੀ। ਉਹ ਬੀੜ ਵਿੱਚ ਰਹਿੰਦੇ ਹਨ। ਉਹਨਾਂ ਲਈ ਪ੍ਰਸ਼ਾਦਾ ਇਥੋਂ ਲੰਗਰੋਂ ਜਾਂਦਾ ਹੈ। ਤੁਸੀਂ ਉਹਨਾਂ ਲਈ ਪ੍ਰਸ਼ਾਦਾ ਲੈ ਜਾਓ; ਉਹਨਾਂ ਦੀ ਖ਼ੁਸ਼ੀ ਪ੍ਰਾਪਤ ਕਰੋ; ਉਹ ਖੁਸ਼ ਹੋ ਕੇ ਅਵੱਸ਼ ਅਰਦਾਸ ਕਰ ਦੇਣਗੇ।'

ਮਾਤਾ ਗੰਗਾ ਜੀ ਨੇ ਚੰਗੇ-ਚੰਗੇ ਭੋਜਨ ਤਿਆਰ ਕਰਵਾ ਕੇ, ਦਾਸੀ ਨੂੰ ਨਾਲ ਲਿਆ ਅਤੇ ਰੱਥ ਵਿੱਚ ਬਹਿ ਕੇ ਬੀੜ ਵਿੱਚ ਜਾ ਪੁੱਜੇ । ਬਾਬਾ ਜੀ ਨੇ ਗਰਦ ਉੱਡਦੀ ਆਉਂਦੀ ਵੇਖ ਕੇ ਆਪਣੇ ਸੇਵਕ ਪਾਸੋਂ ਪੁੱਛਿਆ ਕਿ ਕੌਣ ਆ ਰਿਹਾ ਹੈ ? ਸੇਵਕ ਨੇ ਕਿਹਾ, 'ਜੀ, ਗੁਰੂ ਜੀ ਦੇ ਮਹਿਲ ਆ ਰਹੇ ਹਨ ।' ਬਾਬਾ ਜੀ ਕਹਿਣ ਲੱਗੇ, 'ਗੁਰੂ ਜੀ ਦੇ ਮਹਿਲਾਂ ਨੂੰ ਕੀ ਭਾਜੜ ਪੈ ਗਈ !'

ਇੰਨੇ ਚਿਰ ਨੂੰ ਮਾਤਾ ਜੀ ਪਹੁੰਚ ਗਏ । ਉਹਨਾਂ ਨੇ ਭੋਜਨ ਬਾਬਾ ਜੀ ਅੱਗੇ ਰੱਖੇ । ਬਾਬਾ ਜੀ ਨੇ ਪ੍ਰਸ਼ਾਦ ਛਕ ਤਾਂ ਲਿਆ, ਪਰ ਖਾਸ ਪ੍ਰਸੰਨ ਨਾ ਹੋਏ । ਦਾਸੀ ਨੇ ਮਾਤਾ ਜੀ ਦੇ ਆਉਣ ਦਾ ਮਨੋਰਥ ਦੱਸਿਆ । ਅੱਗੋਂ ਬਾਬਾ ਜੀ ਬੋਲੇ, 'ਮੈਂ ਤਾਂ ਗੁਰੂ ਜੀ ਦਾ ਘਾਹੀ ਹਾਂ । ਗੁਰੂ ਜੀ ਹੀ ਸਰਬ ਸਮਰੱਥ ਹਨ । ਸੋ ਉਹਨਾਂ ਅੱਗੇ ਹੀ ਬੇਨਤੀ ਕਰੋ ।'

ਮਾਤਾ ਜੀ ਨਿਰਾਸ ਹੋ ਕੇ ਮੁੜ ਆਏ । ਜਦ ਉਹਨਾਂ ਨੇ ਸਾਰੀ ਗੱਲ ਗੁਰੂ ਜੀ ਨੂੰ ਦੱਸੀ ਤਾਂ ਉਹ ਕਹਿਣ ਲੱਗੇ 'ਮਹਾਂਪੁਰਖਾਂ ਦੀ ਸੇਵਾ ਨੀਵੇਂ ਤੇ ਨਿਰਮਾਣ ਹੋ ਕੇ ਆਪਣੀ ਹੱਥੀਂ ਕਰੀਦੀ ਹੈ, ਤਾਂ ਹੀ ਫਲ ਮਿਲਦਾ ਹੈ । ਪ੍ਰਾਪਤੀ ਨਿਮਰਤਾ ਅਤੇ ਸੇਵਾ ਨਾਲ ਹੀ ਹੁੰਦੀ ਹੈ । ਸੋ ਤੁਸੀਂ ਆਪ ਆਟਾ ਤੇ ਵੇਸਣ ਪੀਹੋ । ਮਿੱਸੇ ਪ੍ਰਸ਼ਾਦੇ ਆਪਣੀ ਹੱਥੀਂ ਤਿਆਰ ਕਰੋ । ਆਪ ਦੁੱਧ ਰਿੜਕੋ ਅਤੇ ਲੱਸੀ ਮੱਖਣ ਤਿਆਰ ਕਰੋ । ਫਿਰ ਮਿੱਸੀਆਂ ਰੋਟੀਆਂ, ਗੰਢੇ, ਦਹੀਂ, ਲੱਸੀ ਤੇ ਮੱਖਣ ਆਪਣੇ ਸਿਰ ਉੱਤੇ ਚੁੱਕ ਕੇ ਪੈਦਲ ਤੁਰ ਕੇ ਬਾਬਾ ਜੀ ਪਾਸ ਜਾਓ ਅਤੇ ਉਹਨਾਂ ਨੂੰ ਇਹ ਪ੍ਰਸ਼ਾਦ ਛਕਾਓ । ਵੇਖਿਓ ਫਿਰ ਕਿਵੇਂ ਖੁਸ਼ ਹੋ ਕੇ ਰੱਬ ਅੱਗੇ ਅਰਦਾਸ ਕਰਦੇ ਹਨ !'

ਮਾਤਾ ਜੀ ਨੇ ਇਸੇ ਤਰ੍ਹਾਂ ਕੀਤਾ । ਉਹਨਾਂ ਨੇ ਹੱਥੀਂ ਆਟਾ ਵੇਸਣ ਪੀਠਾ । ਹੱਥੀਂ ਕਰਾਰੀਆਂ ਮਿੱਸੀਆਂ ਰੋਟੀਆਂ ਪਕਾਈਆਂ । ਆਪ ਦੁੱਧ ਰਿੜਕ ਕੇ ਲੱਸੀ ਮੱਖਣ ਤਿਆਰ ਕੀਤਾ ਅਤੇ ਸਭ ਕੁਝ ਸਿਰ ਉੱਤੇ ਚੁੱਕ ਕੇ ਨੰਗੇ ਪੈਰੀਂ ਬਾਬਾ ਜੀ ਪਾਸ ਪੁੱਜੇ । ਬਾਬਾ ਜੀ ਨੇ ਬੜੇ ਖੁਸ਼ ਹੋ ਕੇ ਪ੍ਰਸ਼ਾਦ ਛਕਿਆ । ਜਿਉਂ-ਜਿਉਂ ਉਹ ਪ੍ਰਸ਼ਾਦ ਛਕਣ ਅਤੇ ਗੰਢੇ ਭੰਨਣ, ਨਾਲ-ਨਾਲ ਹੀ ਆਖੀ ਜਾਣ, 'ਆਪ ਦੇ ਘਰ ਪ੍ਰਮਾਤਮਾ

Sri Satguru Jagjit Singh Ji eLibrary NamdhariElibrary@gmail.com

ਅਜਿਹਾ ਸੂਰਮਾ ਪੁੱਤਰ ਭੇਜੇਗਾ, ਜਿਹੜਾ ਦੁਸ਼ਟਾਂ ਦੇ ਸਿਰ ਇਉਂ ਭੰਨੇਗਾ ਜਿਵੇਂ ਅਸੀਂ ਗੰਢੇ ਭੰਨਦੇ ਹਾਂ। ਵਾਹਿਗੁਰੂ ਮਿਹਰ ਕਰੇਗਾ।'

ਮਾਤਾ ਜੀ ਬੜੇ ਖੁਸ਼ ਹੋ ਕੇ ਘਰ ਆਏ। ਅਕਾਲ ਪੁਰਖ ਨੇ ਮਿਹਰ ਕੀਤੀ। ਬਾਬਾ ਬੁੱਢਾ ਜੀ ਦਾ ਬਚਨ ਪੂਰਾ ਹੋਇਆ। ਵਰ੍ਹੇ ਦੇ ਅੰਦਰ-ਅੰਦਰ ਹੀ ਮਾਤਾ ਗੰਗਾ ਜੀ ਦੇ ਘਰ ਸ੍ਰੀ ਹਰਿਗੋਬਿੰਦ ਸਾਹਿਬ ਨੇ ਜਨਮ ਲਿਆ।

## ਪ੍ਰਸ਼ਨ

*੧. ਪ੍ਰਿਥੀ ਚੰਦ ਤੇ ਉਸ ਦੀ ਵਹੁਟੀ ਦਾ ਗੁਰ-ਗੱਦੀ ਬਾਰੇ ਕੀ ਖ਼ਿਆਲ ਸੀ ?*
*੨. ਪ੍ਰਿਥੀ ਚੰਦ ਦੀ ਵਹੁਟੀ ਨੇ ਮਾਤਾ ਗੰਗਾ ਜੀ ਨੂੰ ਕੀ ਮਿਹਣਾ ਮਾਰਿਆ ਅਤੇ ਕਿਉਂ ?*
*੩. ਮਾਤਾ ਗੰਗਾ ਜੀ ਦੇ ਬਾਬਾ ਬੁੱਢਾ ਜੀ ਪਾਸੋਂ ਅਰਦਾਸ ਕਰਾਉਣ ਦੀ ਸਾਖੀ ਲਿਖੋ।*
*੪. ਸ੍ਰੀ ਹਰਿਗੋਬਿੰਦ ਜੀ ਦੇ ਜਨਮ ਧਾਰਨ ਦੀ ਸਾਖੀ ਲਿਖੋ।*

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ੪. ਸ੍ਰੀ ਹਰਿਗੋਬਿੰਦ ਸਾਹਿਬ ਜੀ ਤੇ ਪ੍ਰਿਥੀਆ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਪੁੱਤਰ ਪੈਦਾ ਹੋ ਜਾਣ 'ਤੇ ਪ੍ਰਿਥੀਏ ਤੇ ਉਸ ਦੀ ਘਰ ਵਾਲੀ ਨੂੰ ਬੜਾ ਸਾੜਾ ਲੱਗਾ। ਉਹ ਤਾਂ ਆਸਾਂ ਲਾਈ ਬੈਠੇ ਸਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਗਰੋਂ ਗੁਰ-ਗੱਦੀ ਸਾਡੇ ਪੁੱਤਰ, ਮਿਹਰਬਾਨ ਨੂੰ ਮਿਲੇਗੀ, ਪਰ ਸ੍ਰੀ ਹਰਿਗੋਬਿੰਦ ਸਾਹਿਬ ਜੀ ਦੇ ਪੈਦਾ ਹੋਣ ਨਾਲ ਉਹਨਾਂ ਦੀਆਂ ਆਸਾਂ ਉੱਪਰ ਪਾਣੀ ਫਿਰ ਗਿਆ।

ਪ੍ਰਿਥੀਆ ਮਨ ਦਾ ਖੋਟਾ ਤੇ ਨੀਚ ਸੀ। ਉਸ ਨੇ ਸਲਾਹ ਕੀਤੀ ਕਿ ਕਿਸੇ ਨਾ ਕਿਸੇ ਤਰ੍ਹਾਂ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਜਾਨੋਂ ਮਾਰ ਦਿੱਤਾ ਜਾਵੇ। ਉਸ ਨੇ ਆਪਣੀ ਵਹੁਟੀ ਨੂੰ ਕਿਹਾ-'ਕੋਈ ਢੰਗ ਲੱਭੋ ਇਸ ਬਾਲ ਦਾ ਕਜੀਆ ਨਿਬੇੜਨ ਦਾ।

ਅੱਗੋਂ ਵਹੁਟੀ ਬੋਲੀ, ਮੈਨੂੰ ਇਕ ਢੰਗ ਸੁੱਝਾ ਹੈ ਜਿਹੜੀ ਦਾਈ ਬਾਲ ਨੂੰ ਦੁੱਧ ਪਿਆਉਂਦੀ ਹੈ, ਉਸ ਨੂੰ ਲਾਲਚ ਦੇਈਏ, ਉਸ ਨੂੰ ਕਹੀਏ ਕਿ ਸਾਡੇ ਆਖੇ ਅਨੁਸਾਰ ਕਰੇ।'

ਦਾਈ ਨੂੰ ਸੱਦਿਆ ਗਿਆ, ਪ੍ਰਿਥੀਏ ਦੀ ਵਹੁਟੀ ਨੇ ਉਹਨੂੰ ਕੁਝ ਰਕਮ ਦਿੱਤੀ ਤੇ ਕੁਝ ਹੋਰ ਦੇਣ ਦਾ ਇਕਰਾਰ ਕੀਤਾ ਅਤੇ ਕਿਹਾ, 'ਤੂੰ ਆਪਣੀਆਂ ਦੁੱਧੀਆਂ ਨੂੰ ਇਹ ਦਵਾਈ ਲਾ ਲੈ, ਫੇਰ ਤੂੰ ਬਾਲ ਨੂੰ ਦੁੱਧ ਚੁੰਘਾਈਂ, ਜੋ ਕੁਝ ਹੋਵੇ ਸਾਨੂੰ ਆ ਕੇ ਦੱਸੀਂ ਅਤੇ ਆਪਣਾ ਇਨਾਮ ਲੈ ਲਵੀਂ।'

ਦਾਈ ਨੇ ਆਪਣੀਆਂ ਦੁੱਧੀਆਂ ਉੱਤੇ ਜ਼ਹਿਰ ਲਾ ਲਿਆ। ਫਿਰ ਉਸ ਨੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਦੁੱਧ ਚੁੰਘਾਉਣ ਦਾ ਯਤਨ ਕੀਤਾ, ਪਰ ਉਹਨਾਂ ਨੇ ਦੁੱਧ ਨਾ ਚੁੰਘਿਆ, ਜਿਸ ਨੂੰ ਰੱਬ ਰੱਖੇ, ਉਸ ਨੂੰ ਕੌਣ ਮਾਰੇ ? ਦੁੱਧੀਆਂ ਉੱਪਰ ਲੱਗੇ ਜ਼ਹਿਰ ਦੇ ਅਸਰ ਨਾਲ ਦਾਈ ਆਪ ਹੀ ਮਰ ਗਈ। ਜਿਹੜਾ ਕਿਸੇ ਹੋਰ ਦਾ ਬੁਰਾ ਤੱਕਦਾ ਹੈ, ਉਹ ਆਪ ਹੀ ਦੁੱਖ ਭੋਗਦਾ ਹੈ।

ਜਦ ਇਸ ਗੱਲ ਦਾ ਪਤਾ ਪ੍ਰਿਥੀਏ ਹੋਰਾਂ ਨੂੰ ਲੱਗਾ ਤਾਂ ਉਹ ਦੋਵੇਂ ਜੀਅ ਬੜੇ ਦੁਖੀ ਹੋਏ। ਉਹ ਲੱਗੇ ਕੋਈ ਹੋਰ ਢੰਗ ਸੋਚਣ ਤੇ ਰਾਹ

Sri Satguru Jagjit Singh Ji eLibrary NamdhariElibrary@gmail.com

ਲੱਭਣ। ਇੰਨੇ ਨੂੰ ਉਥੇ ਇਕ ਸੱਪਾਂ ਵਾਲਾ ਜੋਗੀ ਆਇਆ। ਉਸ ਦੇ ਪਾਸ ਕਈ ਜ਼ਹਿਰੀ ਸੱਪ ਸਨ। ਪ੍ਰਿਥੀਏ ਨੇ ਉਸ ਨੂੰ ਬਹੁਤ ਸਾਰਾ ਧਨ ਦੇ ਕੇ ਕਿਹਾ ਕਿ ਇਕ ਜ਼ਹਿਰੀ ਸੱਪ ਸ੍ਰੀ ਹਰਿਗੋਬਿੰਦ ਜੀ ਦੇ ਸੌਣ ਵਾਲੇ ਕਮਰੇ ਵਿੱਚ ਛੱਡ ਆ। ਸਪੇਰਾ ਮੰਨ ਗਿਆ। ਉਸ ਨੇ ਅੱਖ ਬਚਾ ਕੇ ਇਕ ਜ਼ਹਿਰੀ ਸੱਪ ਉਸ ਕਮਰੇ ਵਿੱਚ ਛੱਡ ਦਿੱਤਾ। ਪ੍ਰਿਥੀਏ ਦਾ ਨੀਚ ਖਿਆਲ ਇਹ ਸੀ ਕਿ ਸੱਪ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਲੜ ਜਾਵੇਗਾ ਅਤੇ ਉਹ ਮਰ ਜਾਣਗੇ ਪਰ ਗੁਰੂ ਜੀ ਦੇ ਸੇਵਕਾਂ ਨੂੰ ਸੱਪ ਦਾ ਵੇਲੇ ਸਿਰ ਪਤਾ ਲੱਗ ਗਿਆ ਤੇ ਉਹਨਾਂ ਨੇ ਸੱਪ ਨੂੰ ਮਾਰ ਦਿੱਤਾ।

ਇਸ ਤਰ੍ਹਾਂ ਪ੍ਰਿਥੀਏ ਦਾ ਦੂਜਾ ਵਾਰ ਵੀ ਖਾਲੀ ਗਿਆ ਪਰ ਉਸ ਨੀਚ ਨੇ ਆਪਣਾ ਹੱਠ ਨਾ ਛੱਡਿਆ। ਉਹ ਨੀਚ-ਪੁਣੇ ਤੋਂ ਬਾਜ਼ ਨਾ ਆਇਆ। ਉਸ ਨੇ ਇਕ ਹੋਰ ਵਾਰ ਕਰਨ ਦੀ ਸਲਾਹ ਬਣਾਈ। ਇਕ ਬ੍ਰਾਹਮਣ ਸ੍ਰੀ ਹਰਿਗੋਬਿੰਦ ਜੀ ਦਾ ਖਿਡਾਵਾ ਸੀ। ਪ੍ਰਿਥੀਏ ਨੇ ਉਸ ਨੂੰ ਬਹੁਤ ਸਾਰਾ ਲਾਲਚ ਦਿੱਤਾ ਅਤੇ ਕਿਹਾ, 'ਤੂੰ ਗੁਰੂ ਜੀ ਦੇ ਬੱਚੇ ਨੂੰ ਖਿਡਾਇਆ ਅਤੇ ਖਵਾਇਆ ਕਰਦਾ ਹੈਂ, ਤੂੰ ਇਹ ਦਵਾਈ ਦਹੀਂ ਵਿੱਚ ਪਾ ਕੇ ਸ੍ਰੀ ਹਰਿਗੋਬਿੰਦ ਨੂੰ ਖੁਆ ਦੇ, ਫੇਰ ਆ ਕੇ ਤੂੰ ਹੋਰ ਵੀ ਇਨਾਮ ਲੈ ਲਵੀਂ!'

ਖਿਡਾਵਾ ਲਾਲਚ ਵਿੱਚ ਆ ਗਿਆ। ਉਹ ਲੂਣ-ਹਰਾਮੀ ਬਣਨਾ ਮੰਨ ਗਿਆ। ਅਗਲੇ ਹੀ ਦਿਨ ਉਸ ਨੇ ਗੁਰੂ ਜੀ ਦੇ ਘਰ ਜਾ ਕੇ ਪ੍ਰਿਥੀਏ ਦਾ ਦਿੱਤਾ ਜ਼ਹਿਰ ਚੋਰੀ-ਚੋਰੀ ਦਹੀਂ ਵਿੱਚ ਰਲਾਇਆ, ਫੇਰ ਉਸ ਨੇ ਸ੍ਰੀ ਹਰਿਗੋਬਿੰਦ ਜੀ ਨੂੰ ਕੁੱਛੜ ਚੁੱਕਿਆ ਅਤੇ ਕਿਹਾ, 'ਲਉ ਜੀ ਦਹੀਂ ਛਕੋ।' ਪਰ ਸ੍ਰੀ ਹਰਿਗੋਬਿੰਦ ਜੀ ਨੇ ਦਹੀਂ ਪੀਣੋਂ ਨਾਂਹ ਕਰ ਦਿੱਤੀ। ਉਸ ਨੇ ਬੜਾ ਜ਼ੋਰ ਲਾਇਆ ਕਿ ਕਿਵੇਂ ਸ੍ਰੀ ਹਰਿਗੋਬਿੰਦ ਜੀ ਦਹੀਂ ਪੀ ਲੈਣ, ਪਰ ਉਹਨਾਂ ਨੇ ਨਾ ਹੀ ਪੀਤਾ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਹ ਦਹੀਂ ਖਿਡਾਵੇ ਕੋਲੋਂ ਲਿਆ ਅਤੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਪਿਆਉਣਾ ਚਾਹਿਆ, ਪਰ ਉਹਨਾਂ ਨੇ ਫੇਰ ਵੀ ਨਾ ਪੀਤਾ ਅਤੇ ਰੋਣ ਲੱਗ ਪਏ। ਗੁਰੂ ਜੀ ਸਮਝ ਗਏ ਕਿ ਦਹੀਂ ਠੀਕ ਨਹੀਂ। ਉਹਨਾਂ ਨੇ ਉਹ ਦਹੀਂ ਕੁੱਤੇ ਨੂੰ ਪਾ ਦਿੱਤਾ। ਥੋੜ੍ਹੇ ਚਿਰ ਮਗਰੋਂ ਉਹ ਕੁੱਤਾ ਮਰ

Sri Satguru Jagjit Singh Ji eLibrary NamdhariElibrary@gmail.com

ਗਿਆ । ਖਿਡਾਵੇ ਨੇ ਸਾਰੀ ਗੱਲ ਸੱਚ-ਸੱਚ ਕਹਿ ਦਿੱਤੀ । ਗੁਰੂ ਜੀ ਨੇ ਉਸ ਨੂੰ ਕੁਝ ਨਾ ਕਿਹਾ, ਉਹ ਚਲਿਆ ਗਿਆ । ਇਸ ਗੱਲ ਦਾ ਪਤਾ ਸਾਰੇ ਨਗਰ ਵਿੱਚ ਲੱਗ ਗਿਆ । ਪ੍ਰਿਥੀ ਚੰਦ ਨੂੰ ਸਾਰੇ ਲੋਕ ਲਾਹਨਤਾਂ ਪਾਉਣ ਲੱਗ ਪਏ । ਉਸ ਦੀ ਬੜੀ ਬਦਨਾਮੀ ਹੋਈ । ਨੀਚ ਬ੍ਰਾਹਮਣ ਅਗਲੇ ਦਿਨ ਢਿੱਡ ਪੀੜ ਨਾਲ ਮਰ ਗਿਆ । ਸਭ ਲੋਕੀਂ ਕਹਿਣ ਲੱਗ ਪਏ, ਬ੍ਰਾਹਮਣ ਨੂੰ ਆਪਣੀ ਕੀਤੀ ਦਾ ਫਲ ਮਿਲ ਗਿਆ ।

ਗੁਰੂ ਜੀ ਨੇ ਵਾਹਿਗੁਰੂ ਦਾ ਬਹੁਤ-ਬਹੁਤ ਧੰਨਵਾਨ ਕੀਤਾ ।

## ਪ੍ਰਸ਼ਨ

*੧. ਪ੍ਰਿਥੀਆ ਸ੍ਰੀ ਹਰਿਗੋਬਿੰਦ ਜੀ ਦੀ ਜਾਨ ਦਾ ਵੈਰੀ ਕਿਉਂ ਸੀ ?*

*੨. ਪ੍ਰਿਥੀਏ ਨੇ ਸ੍ਰੀ ਹਰਿਗੋਬਿੰਦ ਜੀ ਉੱਪਰ ਕੀ ਕੀ ਵਾਰ ਕੀਤੇ ?*

Sri Satguru Jagjit Singh Ji eLibrary NamdhariElibrary@gmail.com

## ੫. ਚੰਦੂ ਦਾ ਹੰਕਾਰ ਤੇ ਨੀਚ-ਪੁਣਾ

ਚੰਦੂ ਪੰਜਾਬ ਦਾ ਰਹਿਣ ਵਾਲਾ ਸੀ। ਉਹ ਦਿੱਲੀ ਦੇ ਮੁਗ਼ਲ ਬਾਦਸ਼ਾਹ ਦੇ ਦਰਬਾਰ ਵਿੱਚ ਨੌਕਰ ਸੀ। ਉੱਥੇ ਉਸ ਦਾ ਚੋਖਾ ਰਸੂਖ ਸੀ। ਉਹ ਬੜਾ ਹੰਕਾਰੀ ਸੀ। ਉਹ ਆਪਣੇ ਆਪ ਨੂੰ ਬਹੁਤ ਵੱਡਾ ਤੇ ਉੱਚਾ ਸਮਝਦਾ ਸੀ ।

ਉਸ ਦੀ ਧੀ ਮੁਟਿਆਰ ਹੋ ਗਈ ਸੀ। ਉਸ ਨੇ ਆਪਣੇ ਘਰ ਦੇ ਬ੍ਰਾਹਮਣ ਨੂੰ ਕਿਹਾ ਕਿ ਲੜਕੀ ਲਈ ਵਰ ਲੱਭੋ। ਇਸ ਦਾ ਸਾਕ ਕਿਸੇ ਚੰਗੇ ਘਰ ਕਰ ਆਓ। ਫਿਰਦਾ ਫਿਰਾਉਂਦਾ ਅਤੇ ਚੰਗੇ ਘਰਾਂ ਦੇ ਲੜਕੇ ਵੇਖਦਾ ਵੇਖਦਾ ਉਹ ਬ੍ਰਾਹਮਣ ਅੰਮ੍ਰਿਤਸਰ ਪੁੱਜਾ। ਉਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਾਹਿਬਜ਼ਾਦੇ ਸ੍ਰੀ ਹਰਿਗੋਬਿੰਦ ਨੂੰ ਵੇਖਿਆ। ਉਸ ਨੂੰ ਉਹ ਬੜੇ ਚੰਗੇ ਲੱਗੇ। ਗੁਰੂ ਜੀ ਸਨ ਵੀ ਜ਼ਾਤ ਦੇ ਸੋਢੀ ਅਤੇ ਇਹ ਖੱਤਰੀਆਂ ਦੀ ਉੱਚੀ ਇਕ ਜ਼ਾਤ ਹੈ। ਬ੍ਰਾਹਮਣ ਨੇ ਚੰਦੂ ਦੀ ਲੜਕੀ ਦਾ ਸਾਕ ਸ੍ਰੀ ਹਰਿਗੋਬਿੰਦ ਸਾਹਿਬ ਨਾਲ ਕਰਨ ਦਾ ਫੈਸਲਾ ਕਰ ਲਿਆ। ਗੱਲ ਕੀ, ਉਸ ਨੇ ਨਾਤਾ ਕਰ ਦਿੱਤਾ ਅਤੇ ਦਿੱਲੀ ਨੂੰ ਮੁੜ ਗਿਆ।

ਦਿੱਲੀ ਜਾ ਕੇ ਉਸ ਨੇ ਸਾਰੀ ਗੱਲ ਚੰਦੂ ਨੂੰ ਦੱਸੀ। ਚੰਦੂ ਬੜਾ ਹੰਕਾਰੀ ਸੀ। ਉਹ ਆਪਣੇ ਘਰਾਣੇ ਨੂੰ ਬੜਾ ਉੱਚਾ ਗਿਣਦਾ ਸੀ। ਜਦ ਉਸ ਨੂੰ ਪਤਾ ਲੱਗਾ ਕਿ ਬ੍ਰਾਹਮਣ ਮੇਰੀ ਲੜਕੀ ਦਾ ਸਾਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਸ੍ਰੀ ਹਰਿਗੋਬਿੰਦ ਸਾਹਿਬ ਨਾਲ ਕਰ ਆਇਆ ਹੈ, ਤਾਂ ਉਹ ਬੜੇ ਕਰੋਧ ਵਿੱਚ ਆਇਆ, ਗੁੱਸੇ ਨਾਲ ਲੋਹਾ-ਲਾਖਾ ਹੋ ਕੇ ਉਹ ਕਹਿਣ ਲੱਗਾ, *'ਮਾੜੀ ਗੱਲ ਕੀਤੀ ਊ ਬ੍ਰਾਹਮਣਾ! ਤੂੰ ਤਾਂ ਹਨੇਰ ਕਰ ਮਾਰਿਆ ਹੈ। ਮੇਰੀ ਧੀ ਨਾਲ ਤੂੰ ਧੱਕਾ ਕਮਾਇਆ ਹੈ। ਤੂੰ ਤਾਂ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਇਆ ਹੈਂ, ਅੱਛਾ! ਵਿਚਾਰੀ ਦੀ ਕਿਸਮਤ।'*

ਚੰਦੂ ਦੀ ਇਸ ਗੱਲ ਦਾ ਪਤਾ ਦਿੱਲੀ ਦੀਆਂ ਸਿੱਖ ਸੰਗਤਾਂ ਨੂੰ ਲੱਗਾ। ਉਹਨਾਂ ਨੇ ਚੰਦੂ ਦੀ ਬਕਵਾਸ ਦਾ ਬਹੁਤਾ ਬੁਰਾ ਮਨਾਇਆ। ਦਿੱਲੀ ਦੀ ਸੰਗਤ ਨੇ ਰਲ ਕੇ ਸਲਾਹ ਕੀਤੀ ਅਤੇ ਗੁਰੂ ਜੀ ਨੂੰ ਹੇਠ ਲਿਖੀ ਬੇਨਤੀ ਕਰ ਭੇਜੀ-

*'ਸੱਚੇ ਪਾਤਸ਼ਾਹ! ਚੰਦੂ ਬੜਾ ਹੰਕਾਰੀ ਹੈ। ਉਸ ਨੇ ਗੁਰੂ-ਘਰ ਦੀ ਨਿਰਾਦਰੀ ਕੀਤੀ ਹੈ। ਆਪਣੀ ਧੀ ਦਾ ਸਾਕ ਆਪ ਜੀ ਦੇ ਸਾਹਿਬਜ਼ਾਦੇ*

Sri Satguru Jagjit Singh Ji eLibrary NamdhariElibrary@gmail.com

ਨਾਲ ਹੋਇਆ ਸੁਣ ਕੇ ਉਸ ਨੇ ਬ੍ਰਾਹਮਣ ਨੂੰ ਕਿਹਾ ਹੈ ਕਿ ਤੂੰ 'ਚੁਬਾਰੇ ਦੀ ਇੱਟ ਮੋਰੀ' ਨੂੰ ਲਾ ਆਇਆ ਹੈਂ। ਉਸ ਨੇ ਆਪਣੇ ਘਰ ਨੂੰ ਚੁਬਾਰਾ ਅਤੇ ਗੁਰੂ-ਘਰ ਨੂੰ ਮੋਰੀ ਕਿਹਾ ਹੈ। ਅਸੀਂ ਗੁਰੂ-ਘਰ ਦੀ ਇਹ ਨਿਰਾਦਰੀ ਜਰ ਨਹੀਂ ਸਕਦੇ। ਇਸ ਕਰਕੇ ਸੱਚੇ ਪਾਤਸ਼ਾਹ! ਸਾਡੀ ਬੇਨਤੀ ਹੈ ਕਿ ਚੰਦੂ ਦਾ ਨਾਤਾ ਪ੍ਰਵਾਨ ਨਾ ਕੀਤਾ ਜਾਵੇ। ਉਸ ਦੀ ਧੀ ਦਾ ਸਾਕ ਮੋੜ ਦਿੱਤਾ ਜਾਵੇ। ਸਾਡੀ ਇਹ ਬੇਨਤੀ ਜ਼ਰੂਰ ਪ੍ਰਵਾਨ ਕਰਨੀ ਜੀ।

ਦਿੱਲੀ ਦੀ ਸੰਗਤ ਦਾ ਇਹ ਬੇਨਤੀ-ਪੱਤਰ ਗੁਰੂ ਜੀ ਨੂੰ ਮਿਲਿਆ। ਉਹਨਾਂ ਨੇ ਸੰਗਤ ਦਾ ਆਖਿਆ ਮੰਨਣ ਦਾ ਫੈਸਲਾ ਕਰ ਲਿਆ। ਲਾਗੋਂ ਕਈਆਂ ਨੇ ਸਲਾਹ ਦਿੱਤੀ, 'ਸੱਚੇ ਪਾਤਸ਼ਾਹ! ਚੰਦੂ ਦਾ ਸਰਕਾਰੇ ਦਰਬਾਰੇ ਬੜਾ ਰਸੂਖ ਤੇ ਪਹੁੰਚ ਹੈ। ਜੇ ਤੁਸਾਂ ਉਸ ਦਾ ਸਾਕ ਮੋੜ ਦਿੱਤਾ ਤਾਂ ਉਹ ਗੁੱਸੇ ਹੋ ਜਾਵੇਗਾ। ਉਹ ਸਮਝੇਗਾ ਕਿ ਮੇਰੀ ਹੱਤਕ ਹੋਈ ਹੈ। ਉਹ ਆਪ ਨੂੰ ਦੁੱਖ ਦੇਣ ਦੇ ਯਤਨ ਕਰੇਗਾ। ਇਸ ਕਰਕੇ ਸਾਕ ਨਾ ਮੋੜੋ ਤਾਂ ਚੰਗਾ ਹੈ। ਚੰਦੂ ਦੇ ਅਜਿਹੇ ਮੰਦੇ ਬਚਨਾਂ ਨਾਲ ਗੁਰੂ-ਘਰ ਦੀ ਸ਼ਾਨ ਵਡਿਆਈ ਵਿੱਚ ਫ਼ਰਕ ਨਹੀਂ ਪੈ ਸਕਦਾ।

ਪਰ ਗੁਰੂ ਜੀ ਨੇ ਸਿਰ ਹਿਲਾਇਆ ਤੇ ਕਿਹਾ, 'ਨਹੀਂ, ਸੱਜਣੋਂ! ਇਹ ਨਹੀਂ ਜੇ ਹੋ ਸਕਣਾ। ਜੇ ਗੁਰੂ ਵੀਹ ਵਿਸਵੇ ਹੈ, ਤਾਂ ਸੰਗਤ ਇੱਕੀ ਵਿਸਵੇ। ਸੰਗਤ ਦਾ ਆਖਿਆ ਅਸੀਂ ਰੱਦ ਨਹੀਂ ਕਰ ਸਕਦੇ। ਜੇ ਚੰਦੂ ਗੁੱਸਾ ਕਰੇਗਾ ਅਤੇ ਸਾਨੂੰ ਦੁੱਖ ਦੇਣ ਦੇ ਯਤਨ ਕਰੇਗਾ, ਤਾਂ ਪਿਆ ਕਰੇ। ਹੋਵੇਗਾ ਉਹ ਜੋ ਵਾਹਿਗੁਰੂ ਨੂੰ ਭਾਵੇਗਾ ਅਤੇ ਜੋ ਵਾਹਿਗੁਰੂ ਨੂੰ ਭਾਵੇਗਾ ਉਹ ਅਸੀਂ ਖਿੜੇ ਮੱਥੇ ਮੰਨਾਂਗੇ।'

ਗੱਲ ਕੀ, ਗੁਰੂ ਜੀ ਨੇ ਚੰਦੂ ਦਾ ਨਾਤਾ ਮੋੜ ਦਿੱਤਾ। ਚੰਦੂ ਬੜਾ ਕ੍ਰੋਧ ਵਿੱਚ ਆਇਆ। ਉਸ ਨੇ ਕਿਹਾ, 'ਮੇਰੀ ਹੱਤਕ ਹੋਈ ਹੈ, ਮੈਂ ਬਦਲਾ ਲਵਾਂਗਾ।'

## ਪ੍ਰਸ਼ਨ

੧. ਚੰਦੂ ਕੌਣ ਸੀ ? ਉਹ ਕਿਹੋ ਜਿਹਾ ਬੰਦਾ ਸੀ ?
੨. ਬ੍ਰਾਹਮਣ ਨੇ ਚੰਦੂ ਦੀ ਧੀ ਦਾ ਸਾਕ ਕਿੱਥੇ ਕੀਤਾ ਅਤੇ ਇਸ ਬਾਰੇ ਚੰਦੂ ਨੇ ਕੀ ਕਿਹਾ ?
੩. ਚੰਦੂ ਦੇ ਭੈੜੇ ਬਚਨ ਸੁਣ ਕੇ ਦਿੱਲੀ ਦੀ ਸੰਗਤ ਨੇ ਗੁਰੂ ਜੀ ਨੂੰ ਕੀ ਬੇਨਤੀ ਕਰ ਭੇਜੀ ?
੪. ਦਿੱਲੀ ਦੀ ਸੰਗਤ ਦੀ ਬੇਨਤੀ ਨੂੰ ਸੁਣ ਕੇ ਗੁਰੂ ਜੀ ਨੇ ਕੀ ਕਿਹਾ ਅਤੇ ਕੀ ਫੈਸਲਾ ਕੀਤਾ ?

Sri Satguru Jagjit Singh Ji eLibrary NamdhariElibrary@gmail.com

# ੬. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

੧.

ਸਿੱਖ ਗੁਰੂ ਸਾਹਿਬਾਂ ਦੇ ਪ੍ਰਚਾਰ, ਉੱਦਮ ਅਤੇ ਜਤਨਾਂ ਦਾ ਸਦਕਾ ਪੰਜਾਬ ਵਿੱਚ ਤੇ ਬਾਹਰ ਵੀ ਲੋਕੀਂ ਦਬਾ-ਦਬ ਸਿੱਖੀ ਧਰਮ ਵਿੱਚ ਆ ਰਹੇ ਸਨ। ਨਾ ਕੇਵਲ ਹਿੰਦੂ ਹੀ, ਸਗੋਂ ਅਨੇਕਾਂ ਮੁਸਲਮਾਨ ਵੀ ਸਿੱਖ ਬਣ ਰਹੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖੀ ਵਿੱਚ ਖਾਸ ਅਤੇ ਬਹੁਤ ਭਾਰੀ ਵਾਧਾ ਹੋਇਆ। ਇਹ ਗੱਲ ਵੇਖ ਕੇ ਮੁਸਲਮਾਨ ਹਾਕਮ ਅਤੇ ਕਾਜ਼ੀ ਬੜੇ ਦੁਖੀ ਹੋਏ। ਜ਼ੋਰਾਵਰ ਅਤੇ ਹਕੂਮਤ ਵਾਲੇ ਹੋਣ ਕਰਕੇ ਉਹ ਕ੍ਰੋਧ ਨਾਲ ਲੋਹ-ਲਾਖੇ ਹੋਣ ਲੱਗ ਪਏ। ਉਹ ਕਹਿਣ, 'ਵੇਖੋ ਭਾਈ ਗਜ਼ਬ ਸਾਈਂ ਦਾ ! ਅਸੀਂ ਤਾਂ ਜ਼ੋਰ ਲਾ ਰਹੇ ਹਾਂ ਕਿ ਹਿੰਦੂਆਂ ਕਾਫ਼ਰਾਂ ਨੂੰ ਮੁਸਲਮਾਨ ਬਣਾਇਆ ਜਾਵੇ। ਇਸਲਾਮ ਦੇ ਵਾਧੇ ਲਈ ਅਸੀਂ ਆਪਣਾ ਸਾਰਾ ਤਾਣ ਲਾ ਰਹੇ ਹਾਂ ਅਤੇ ਸਾਰੇ ਢੰਗ ਵਰਤ ਰਹੇ ਹਾਂ, ਪਰ ਸਿੱਖਾਂ ਦੇ ਗੁਰੂਆਂ ਨੇ ਇਸਲਾਮ ਨੂੰ ਹੀ ਢਾਹ ਲਾ ਦਿੱਤੀ ਹੈ। ਇਹ ਮੁਸਲਮਾਨਾਂ ਨੂੰ ਸਿੱਖ ਬਣਾ ਰਹੇ ਹਨ। ਉਹਨਾਂ ਦੀਆਂ ਗੱਲਾਂ ਸੁਣ-ਸੁਣ ਮੁਸਲਮਾਨ ਕਾਫ਼ਰ ਹੁੰਦੇ ਜਾ ਰਹੇ ਹਨ। ਸਾਡਾ ਰਾਜ ਹੋਵੇ ਅਤੇ ਸਾਡੇ ਦੀਨ ਨੂੰ ਢਾਹ ਲਾਈ ਜਾਵੇ ? ਇਹ ਤਾਂ ਬੜੇ ਹਨੇਰ ਵਾਲੀ ਗੱਲ ਹੈ। ਇਹ ਬੜੀ ਦੁਖਦਾਈ ਹੈ। ਇਹ ਜਰੀ ਨਹੀਂ ਜਾ ਸਕਦੀ, ਅਸੀਂ ਇਸ ਨੂੰ ਨਹੀਂ ਜਰਾਂਗੇ। ਅਸੀਂ ਇਹ ਪ੍ਰਚਾਰ ਬੰਦ ਕਰਕੇ ਛੱਡਾਂਗੇ।'

ਦਿੱਲੀ ਦੇ ਪਹਿਲੇ ਤਿੰਨ ਮੁਗ਼ਲ ਬਾਦਸ਼ਾਹ ਚੋਖੇ ਖੁਲ੍ਹ-ਦਿਲੇ ਸਨ। ਉਹ ਹੋਰਨਾਂ ਦੇ ਧਰਮ ਵਿੱਚ ਦਖਲ ਨਹੀਂ ਸਨ ਦੇਂਦੇ। ਬਾਬਰ, ਹਮਾਯੂੰ ਅਤੇ ਅਕਬਰ ਨੇ ਸਿੱਖ ਗੁਰੂ ਸਾਹਿਬਾਂ ਦੇ ਦਰਸ਼ਨ ਕੀਤੇ ਸਨ। ਹੁਣ ਦਿੱਲੀ ਦੇ ਤਖ਼ਤ ਉੱਪਰ ਅਕਬਰ ਦਾ ਪੁੱਤਰ ਜਹਾਂਗੀਰ ਬੈਠਾ ਸੀ। ਉਹ ਬੜਾ ਕੱਟੜ ਮੁਸਲਮਾਨ ਸੀ। ਉਸ ਨੇ ਮੁੱਲਾਂ ਤੇ ਕਾਜ਼ੀਆਂ ਨਾਲ ਇਕਰਾਰ ਕੀਤਾ ਸੀ ਕਿ ਮੈਂ ਇਸਲਾਮ ਦੇ ਵਾਧੇ ਲਈ ਸਾਰਾ ਜ਼ੋਰ ਲਾਵਾਂਗਾ।

ਕਾਜ਼ੀ ਅਤੇ ਮੁੱਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੈਰੀ ਬਣ ਬੈਠੇ।

ਉਹਨਾਂ ਨਾਲ ਪ੍ਰਿਥੀਏ ਤੇ ਚੰਦੂ ਵਰਗੇ, ਗੁਰੂ ਜੀ ਦੇ ਵੈਰੀ ਵੀ ਸ਼ਾਮਲ ਹੋ ਗਏ । ਸਾਰੇ ਲੱਗੇ ਰਲ ਕੇ ਗੁਰੂ ਜੀ ਦੇ ਵਿਰੁੱਧ ਮਨਸੂਬੇ ਬਨਾਉਣ । ਕਾਜ਼ੀਆਂ ਤੇ ਮੁੱਲਾਂ ਨੇ ਉਸ ਨੂੰ ਕਿਹਾ ਕਿ ਗੁਰੂ ਜੀ ਨੇ ਇਸਲਾਮ ਨੂੰ ਢਾਹ ਲਾਈ ਹੋਈ ਹੈ, ਇਸ ਦਾ ਇਲਾਜ ਕਰਨਾ ਚਾਹੀਦਾ ਹੈ । ਉਸ ਨੇ ਇਹਨਾਂ ਨਾਲ ਇਕਰਾਰ ਕੀਤਾ ਕਿ ਮੈਂ ਇਸਲਾਮ ਦੇ ਇਸ ਵੈਰੀ ਦਾ ਜ਼ਰੂਰ ਛੇਤੀ ਖਾਤਮਾ ਕਰਾਂਗਾ ।

ਜਹਾਂਗੀਰ ਦਾ ਪੁੱਤਰ, ਖੁਸਰੋ ਆਕੀ ਹੋ ਗਿਆ । ਉਸ ਨੇ ਆਪਣੇ ਪਿਓ ਦੇ ਥਾਂ ਆਪ ਬਾਦਸ਼ਾਹ ਬਣਨ ਲਈ ਜ਼ੋਰ ਲਾਇਆ ਪਰ ਉਹ ਹਾਰ ਗਿਆ । ਹਾਰ ਖਾ ਕੇ ਉਹ ਪੰਜਾਬ ਵੱਲ ਨੂੰ ਆਇਆ । ਮਗਰੇ ਮਗਰ ਜਹਾਂਗੀਰ ਫੌਜ ਲੈ ਕੇ ਆ ਗਿਆ । ਉਹ ਉਸ ਨੂੰ ਫੜਨਾ ਚਾਹੁੰਦਾ ਸੀ, ਜਿਸ ਜਿਸ ਨੇ ਖੁਸਰੋ ਨਾਲ ਹਮਦਰਦੀ ਕੀਤੀ ਸੀ, ਜਾਂ ਉਸ ਦੀ ਸਹਾਇਤਾ ਕੀਤੀ ਸੀ, ਉਹਨਾਂ ਸਭ ਨੂੰ ਜਹਾਂਗੀਰ ਸਖਤ ਸਜ਼ਾ ਦਿੰਦਾ ਸੀ । ਇਹ ਕੁਝ ਕਰਦਾ-ਕਰਦਾ ਉਹ ਲਾਹੌਰ ਵੱਲ ਵਧਿਆ ।

ਜਦ ਉਹ ਗੋਇੰਦਵਾਲ ਥਾਣੀਂ ਹੁੰਦਾ ਹੋਇਆ ਲਾਹੌਰ ਪੁੱਜਾ ਤਾਂ ਗੁਰੂ ਜੀ ਦੇ ਵੈਰਿਆਂ ਨੇ ਸੋਚਿਆ ਕਿ ਗੁਰੂ ਜੀ ਤੋਂ ਬਦਲਾ ਲੈਣ ਦਾ ਹੁਣ ਚੰਗਾ ਮੌਕਿਆ ਹੈ । ਉਹਨਾਂ ਨੇ ਸਲਾਹ ਕਰਕੇ ਇਕ ਕਹਾਣੀ ਘੜੀ । ਉਹਨਾਂ ਨੇ ਜਹਾਂਗੀਰ ਨੂੰ ਆਖਿਆ ਕਿ ਗੁਰੂ ਜੀ ਨੇ ਖੁਸਰੋ ਨੂੰ ਧਨ ਵੀ ਦਿੱਤਾ ਸੀ ਅਤੇ ਅਸੀਸ ਵੀ ।

ਇਹ ਗੱਲ ਸੁਣ ਕੇ ਜਹਾਂਗੀਰ ਲਾਲ-ਪੀਲਾ ਹੋ ਗਿਆ । ਗੁਰੂ ਜੀ ਦਾ ਪ੍ਰਚਾਰ ਬੰਦ ਕਰਨ ਦੀ ਸਹੁੰ ਤਾਂ ਉਹ ਪਹਿਲਾਂ ਹੀ ਖਾ ਚੁੱਕਿਆ ਸੀ—ਹੁਣ ਉਸ ਨੂੰ ਬਹਾਨਾ ਲੱਭ ਪਿਆ । ਉਸ ਨੇ ਹੁਕਮ ਜਾਰੀ ਕੀਤਾ ਕਿ ਗੁਰੂ ਜੀ ਨੂੰ ਫੜ ਕੇ ਲਾਹੌਰ ਲਿਆਂਦਾ ਜਾਵੇ । ਜਾਂ ਉਹ ਫੜੇ ਆ ਗਏ, ਤਾਂ ਉਸ ਨੇ ਉਹਨਾਂ ਨੂੰ ਆਪਣੇ ਅਹਿਲਕਾਰਾਂ ਦੇ ਹਵਾਲੇ ਕੀਤਾ ਤੇ ਕਿਹਾ ਕਿ ਉਹਨਾਂ ਨੂੰ ਸ਼ਹੀਦ ਕੀਤਾ ਜਾਵੇ । ਇਹ ਹੁਕਮ ਦੇ ਕੇ ਜਹਾਂਗੀਰ ਦਿੱਲੀ ਨੂੰ ਤੁਰ ਗਿਆ ।

੨.

ਚੰਦੂ ਉਹਨਾਂ ਅਹਿਲਕਾਰਾਂ ਦਾ ਯਾਰ ਸੀ । ਉਸ ਨੇ ਉਹਨਾਂ ਨੂੰ

ਕਿਹਾ ਕਿ ਗੁਰੂ ਜੀ ਨੂੰ ਮੇਰੇ ਹਵਾਲੇ ਕਰ ਦਿਓ। ਉਹ ਮੰਨ ਗਏ। ਗੁਰੂ ਜੀ ਨੂੰ ਚੰਦੂ ਆਪਣੇ ਘਰ ਲੈ ਗਿਆ। ਉਥੇ ਉਸ ਨੇ ਗੁਰੂ ਜੀ ਨੂੰ ਕਿਹਾ, 'ਤੁਸਾਂ ਮੇਰੀ ਧੀ ਦਾ ਸਾਕ ਕਬੂਲ ਨਹੀਂ ਸੀ ਕੀਤਾ। ਇਸ ਤਰ੍ਹਾਂ ਤੁਸਾਂ ਮੇਰੀ ਨੱਕ-ਵੱਢਣੀ ਕੀਤੀ। ਮੈਂ ਹੁਣ ਬਦਲਾ ਲਵਾਂਗਾ, ਤਿਆਰ ਹੋ ਜਾਓ।' ਗੁਰੂ ਜੀ ਜ਼ਰਾ ਨਾ ਡਰੇ। ਉਹ ਜ਼ਰਾ ਨਾ ਘਬਰਾਏ। ਉਹ ਕਹਿਣ ਲੱਗੇ, 'ਅਸੀਂ ਸਭ ਕਾਸੇ ਲਈ ਤਿਆਰ ਹਾਂ।' ਵਾਹਿਗੁਰੂ ਹੀ ਸਭ ਕਰਦਾ ਕਰਾਉਂਦਾ ਹੈ। ਜੋ ਕੁਝ ਉਹ ਕਰਦਾ ਹੈ, ਉਹ ਉਸ ਦੇ ਭਗਤਾਂ ਨੂੰ ਮਿੱਠਾ ਲੱਗਦਾ ਹੈ।'

ਚੰਦੂ ਨੇ ਗੁਰੂ ਜੀ ਨੂੰ ਕਸ਼ਟ ਦੇਣੇ ਸ਼ੁਰੂ ਕਰ ਦਿੱਤੇ। ਪਹਿਲੇ ਦਿਨ ਅੰਨ-ਪਾਣੀ ਕੁਝ ਨਾ ਦਿੱਤਾ, ਨਾਲੇ ਸੌਣ ਤੋਂ ਵੀ ਰੋਕੀ ਰੱਖਿਆ। ਅੱਤ ਦੀ ਗਰਮੀ ਦੇ ਦਿਨ ਸਨ। ਉਸ ਦਾ ਖਿਆਲ ਸੀ ਕਿ ਗੁਰੂ ਜੀ ਭੁੱਖ, ਤਰੇਹ ਅਤੇ ਅਨੀਂਦਰੇ ਕਾਰਨ ਦੁਖੀ ਹੋਣਗੇ ਅਤੇ ਅੰਨ-ਪਾਣੀ ਲਈ ਤਰਲੇ ਕੱਢਣਗੇ। ਪਰ ਗੁਰੂ ਜੀ ਤਾਂ ਨਾਮ ਦੇ ਆਸਰੇ ਜੀਉਣ ਵਾਲੇ ਸਨ। ਸਰੀਰ ਦੀ ਭੁੱਖ-ਤਰੇਹ ਜਾਂ ਨੀਂਦ ਉਹਨਾਂ ਨੂੰ ਦੁਖੀ ਨਹੀਂ ਸੀ ਕਰ ਸਕਦੀ। ਉਹ ਚੁੱਪ-ਚਾਪ ਬੈਠੇ ਕਰਤਾਰ ਦਾ ਨਾਮ ਜਪਦੇ ਅਤੇ ਭਜਨ ਕਰਦੇ ਰਹੇ।

ਚੰਦੂ ਵੇਖ ਵੇਖ ਕੇ ਹੈਰਾਨ ਹੁੰਦਾ ਰਿਹਾ। ਪਰ ਨਾਲ ਹੀ ਉਸ ਨੀਚ ਦਾ ਦਾ ਪੱਥਰ ਵਰਗਾ ਦਿਲ ਹੋਰ ਵੀ ਕਰੜਾ ਹੁੰਦਾ ਗਿਆ। ਅਗਲੇ ਦਿਨ ਉਸ ਨੇ ਗੁਰੂ ਜੀ ਨੂੰ ਪਾਣੀ ਦੀ ਵੱਡੀ ਸਾਰੀ ਦੇਗ ਵਿੱਚ ਬਿਠਾਇਆ। ਦੇਗ ਨੂੰ ਚੁਲ੍ਹੇ ਉੱਪਰ ਰੱਖਿਆ ਗਿਆ। ਹੇਠਾਂ ਅੱਗ ਬਾਲੀ ਗਈ। ਪਾਣੀ ਗਰਮ ਹੁੰਦਾ ਗਿਆ। ਕੁਝ ਚਿਰ ਮਗਰੋਂ ਪਾਣੀ ਉਬਲਣ ਲੱਗ ਪਿਆ। ਅੱਗ ਬਲਦੀ ਗਈ। ਪਾਣੀ ਉਬਲਦਾ ਰਿਹਾ। ਗੁਰੂ ਜੀ ਉਬਲਦੀ ਦੇਗ ਵਿੱਚ ਅਡੋਲ ਬੈਠੇ ਰਹੇ। ਉਹਨਾਂ ਦੇ ਚਿਹਰੇ ਉੱਤੇ ਰਤੀ ਭਰ ਵੀ ਦੁੱਖ ਪੀੜ ਦਾ ਨਿਸ਼ਾਨ ਨਹੀਂ ਸੀ। ਉਹ ਵਾਹਿਗੁਰੂ ਦਾ ਨਾਮ ਜਪ ਰਹੇ ਸਨ। ਉਹ ਆਪਣੇ ਮਨ ਨੂੰ ਕਰਤਾਰ ਦੇ ਚਰਨਾਂ ਨਾਲ ਜੋੜੀ ਬੈਠੇ ਸਨ। ਅੱਗ ਬਲ ਰਹੀ ਸੀ। ਪਾਣੀ ਉਬਾਲੇ ਖਾ ਰਿਹਾ ਸੀ। ਗੁਰੂ ਜੀ ਇਸ ਉਬਲਦੇ ਪਾਣੀ ਵਿੱਚ ਚੌਕੜੀ ਮਾਰੀ

Sri Satguru Jagjit Singh Ji eLibrary NamdhariElibrary@gmail.com

ਬੈਠੇ 'ਵਾਹਿਗੁਰੂ ਵਾਹਿਗੁਰੂ' ਕਰ ਰਹੇ ਸਨ ।

ਉਬਲਦੇ ਪਾਣੀ ਵਿੱਚ ਰਹਿਣ ਕਰਕੇ ਗੁਰੂ ਜੀ ਦਾ ਸਰੀਰ ਬਹੁਤ ਨਰਮ ਹੋ ਗਿਆ ਸੀ । ਇਸ ਦੇ ਉੱਪਰ ਛਾਲੇ ਪੈ ਗਏ ਸਨ । ਤੀਜੇ ਦਿਨ ਚੰਦੂ ਨੇ ਗੁਰੂ ਜੀ ਦੇ ਛਾਲਿਆਂ ਭਰੇ ਸਰੀਰ ਉੱਪਰ ਰੇਤ ਪਵਾਈ ਪਰ ਉਹਨਾਂ ਨੇ 'ਸੀਅ' ਵੀ ਨਾ ਕੀਤੀ । ਕਰਤਾਰ ਦੇ ਭਾਣੇ ਵਿੱਚ ਅਡੋਲ ਬੈਠੇ ਉਹ ਸਭ ਕੁਝ ਜਰਦੇ ਗਏ ਤੇ 'ਵਾਹਿਗੁਰੂ ਵਾਹਿਗੁਰੂ' ਕਰਦੇ ਗਏ ।

ਚੌਥੇ ਦਿਨ ਗੁਰੂ ਜੀ ਨੂੰ ਲੋਹ ਉੱਪਰ ਬਿਠਾਇਆ ਗਿਆ । ਲੋਹ ਹੇਠ ਤੇਜ਼ ਅੱਗ ਬਾਲੀ ਗਈ । ਜੇਠ ਦੇ ਦਿਨ ਸਨ । ਅੱਤ ਦੀ ਗਰਮੀ ਪੈ ਰਹੀ ਸੀ । ਲੋਹ ਹੇਠ ਅੱਗ ਬਾਲਣ ਵਾਲੇ ਸੇਕ ਨਾਲ ਘਬਰਾ ਰਹੇ ਸਨ ਪਰ ਗੁਰੂ ਜੀ ਠੰਢੇ-ਠੀਪੇ ਰਹਿ ਕੇ ਤਪ ਕੇ ਲਾਲ ਹੋਈ ਲੋਹ ਉੱਪਰ ਬੈਠੇ ਨਾਮ ਜਪ ਰਹੇ ਸਨ ।

ਇਨ੍ਹਾਂ ਕਸ਼ਟਾਂ ਦੇ ਕਾਰਨ ਗੁਰੂ ਜੀ ਦਾ ਸਰੀਰ ਛਾਲੋ-ਛਾਲੀ ਹੋ ਕੇ ਬਹੁਤ ਕਮਜ਼ੋਰ ਹੋ ਚੁੱਕਿਆ ਸੀ । ਮਾਸ ਰਿੱਝ ਤੇ ਭੁੱਜ ਕੇ ਸੜ ਗਿਆ ਸੀ । ਪੰਜ ਦਿਨ ਸਖਤ ਤਸੀਹੇ ਸਹਾਰਨ ਪਿੱਛੋਂ ਗੁਰੂ ਜੀ ਸਰਕਾਰੀ ਪਹਿਰੇ ਵਿੱਚ ਪੰਜਾਂ ਸਿੱਖਾਂ ਸਮੇਤ ਰਾਵੀ 'ਤੇ ਭਾਈ ਪਿਰਾਣੇ ਦੇ ਮੋਢੇ 'ਤੇ ਹੱਥ ਰੱਖ ਕੇ ਪੈਦਲ ਗਏ । ਰਾਵੀ ਵਿੱਚ ਇਸ਼ਨਾਨ ਕੀਤਾ । ਕੰਢੇ 'ਤੇ ਬੈਠ ਕੇ ਜਪੁ ਜੀ ਸਾਹਿਬ ਦਾ ਪਾਠ ਕੀਤਾ ਅਤੇ ਸਰੀਰ ਤਿਆਗ ਦਿੱਤਾ । ਗੁਰੂ ਜੀ ਦੇ ਪਹਿਲੇ ਕੀਤੇ ਹੁਕਮਾਂ ਅਨੁਸਾਰ, ਨਾਲ ਦੇ ਪੰਜ ਸਿੱਖਾਂ ਨੇ ਗੁਰੂ ਜੀ ਦੀ ਦੇਹ ਨੂੰ ਰਾਵੀ ਦਰਿਆ ਦੀ ਭੇਟਾ ਕਰ ਦਿੱਤਾ । ਗੁਰੂ ਜੀ ਦੀ ਆਤਮਾ ਵਾਹਿਗੁਰੂ ਦੇ ਚਰਨਾਂ ਵਿੱਚ ਜਾ ਪੁੱਜੀ । ਇਸ ਤਰ੍ਹਾਂ ਅਸਹਿ ਤੇ ਅਕਹਿ ਕਸ਼ਟ ਸਹਾਰ ਕੇ ਵਾਹਿਗੁਰੂ ਦਾ ਭਾਣਾ ਮਿੱਠਾ ਮੰਨਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦ ਹੋ ਗਏ । ਉਸ ਦਿਨ ਹਾੜ ਦੀ ਪਹਿਲੀ ਤਰੀਕ ਸੀ ।

ਉਹਨੀਂ ਦਿਨੀਂ ਰਾਵੀ ਦਰਿਆ ਕਿਲ੍ਹੇ ਦੇ ਪਾਸ ਹੀ ਵਗਿਆ ਕਰਦਾ ਸੀ ਜਿਸ ਥਾਂ ਗੁਰੂ ਜੀ ਦੀ ਦੇਹ ਨੂੰ ਰਾਵੀ ਦੇ ਅਰਪਨ ਕੀਤਾ ਗਿਆ ਸੀ, ਮਗਰੋਂ ਉਸ ਥਾਂ ਇਕ ਬੜਾ ਸੋਹਣਾ ਗੁਰਦੁਆਰਾ ਬਣਿਆ ਹੈ । ਉਥੇ

Sri Satguru Jagjit Singh Ji eLibrary NamdhariElibrary@gmail.com

ਹਰ ਸਾਲ ਗੁਰੂ ਜੀ ਦੇ ਸ਼ਹੀਦੀ ਵਾਲੇ ਦਿਨ ਬਹੁਤ ਭਾਰਾ ਜੋੜ-ਮੇਲਾ ਹੋਇਆ ਕਰਦਾ ਸੀ । ਪਰ ਉਹ ਪਿਆਰਾ ਪਵਿੱਤਰ ਅਸਥਾਨ ਹੁਣ (ਪਾਕਿਸਤਾਨ) ਵਿੱਚ ਹੈ । ਪੰਥ ਨੂੰ ਉਸ ਤੋਂ ਵਿਛੋੜਿਆ ਗਿਆ ਹੈ । ਉਹ ਹੁਣ ਬੰਦ ਪਿਆ ਹੈ ।

## ਪ੍ਰਸ਼ਨ

*੧. ਮੁਸਲਮਾਨ ਹਾਕਮ ਤੇ ਕਾਜ਼ੀ, ਸਿੱਖ ਗੁਰੂ ਸਾਹਿਬਾਂ ਦੇ ਵੈਰੀ ਕਿਉਂ ਬਣ ਗਏ ?*

*੨. ਜਹਾਂਗੀਰ ਬਾਦਸ਼ਾਹ ਪਹਿਲੇ ਤਿੰਨਾਂ ਮੁਗ਼ਲ ਬਾਦਸ਼ਾਹਾਂ ਨਾਲੋਂ ਕਿਸ ਗੱਲ ਵਿੱਚ ਭਿੰਨ ਸੀ ? ਉਸ ਨੇ ਕਾਜ਼ੀਆਂ ਨਾਲ ਕੀ ਇਕਰਾਰ ਕੀਤਾ ਸੀ ?*

*੩. ਗੁਰੂ ਜੀ ਦੇ ਵੈਰੀਆਂ ਨੇ ਉਹਨਾਂ ਨੂੰ ਦੁੱਖ ਦੇਣ ਲਈ ਕੀ ਗੋਂਦ ਗੁੰਦੀ ਸੀ ? ਜਹਾਂਗੀਰ ਨੇ ਆਪਣੇ ਹਵਾਲੇ ਕਿਸ ਤਰ੍ਹਾਂ ਕਰ ਲਿਆ ।*

*੪. ਗੁਰੂ ਜੀ ਨੂੰ ਚੰਦੂ ਨੇ ਆਪਣੇ ਹਵਾਲੇ ਕਿਸ ਤਰ੍ਹਾਂ ਕਰ ਲਿਆ ਸੀ ? ਉਸ ਨੇ ਗੁਰੂ ਜੀ ਨੂੰ ਕੀ-ਕੀ ਕਸ਼ਟ ਦਿੱਤੇ ਸਨ ?*

*੫. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਸਾਖੀ ਲਿਖੋ ।*

Sri Satguru Jagjit Singh Ji eLibrary NamdhariElibrary@gmail.com

# ੭. ਮੀਰੀ ਪੀਰੀ ਦੇ ਮਾਲਕ

ਦਿੱਲੀ ਦਾ ਬਾਦਸ਼ਾਹ ਜਹਾਂਗੀਰ ਆਪਣੇ ਆਕੀ ਹੋਏ ਪੁੱਤਰ ਖੁਸਰੋ ਦਾ ਪਿੱਛਾ ਕਰਦਾ-ਕਰਦਾ ਲਾਹੌਰ ਪੁੱਜ ਗਿਆ ਸੀ । ਕੁਝ ਤਾਂ ਉਹ ਉਂਜ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਖਾਰ ਖਾਂਦਾ ਸੀ । ਉਹ ਕਹਿੰਦਾ ਸੀ, ਕਿ ਗੁਰੂ ਜੀ ਮੁਸਲਮਾਨਾਂ ਨੂੰ ਸਿੱਖ ਬਣਾ ਰਹੇ ਹਨ, ਉੱਤੋਂ ਲਾਹੌਰ ਦੇ ਕਾਜ਼ੀਆਂ ਨੇ ਅਤੇ ਪ੍ਰਿਥੀਏ ਤੇ ਚੰਦੂ ਵਰਗਿਆਂ ਨੇ ਗੁਰੂ ਜੀ ਵਿਰੁੱਧ ਉਸ ਦੇ ਕੰਨ ਭਰੇ । ਉਸ ਨੇ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਫੜ ਕੇ ਲਾਹੌਰ ਲਿਆਂਦਾ ਜਾਵੇ ਅਤੇ ਕਤਲ ਕੀਤਾ ਜਾਵੇ ।

ਉਸ ਦੇ ਭੇਜੇ ਹੋਏ ਬੰਦੇ ਗੁਰੂ ਜੀ ਨੂੰ ਫੜਨ ਵਾਸਤੇ ਅੰਮ੍ਰਿਤਸਰ ਪੁੱਜ ਗਏ । ਗੁਰੂ ਜੀ ਉਹਨਾਂ ਨਾਲ ਜਾਣ ਲਈ ਤਿਆਰ ਹੋ ਪਏ । ਤੁਰਨ ਤੋਂ ਪਹਿਲਾਂ ਉਹਨਾਂ ਨੇ ਆਗਿਆ ਕੀਤੀ ਕਿ ਸਾਡੇ ਮਗਰੋਂ ਸ੍ਰੀ ਹਰਿਗੋਬਿੰਦ ਸਾਹਿਬ ਗੁਰੂ ਬਣਨਗੇ, ਨਾਲ ਹੀ ਉਹਨਾਂ ਨੇ ਇਹ ਵੀ ਹੁਕਮ ਦਿੱਤਾ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਦਾ ਤਿਲਕ ਲਾਉਣ ਦੀ ਰਸਮ ਸਾਡੇ ਤੁਰ ਜਾਣ ਮਗਰੋਂ ਕਰ ਦਿੱਤੀ ਜਾਵੇ । ਉਹਨਾਂ ਨੂੰ ਪਤਾ ਲੱਗ ਗਿਆ ਸੀ ਕਿ ਸਾਡੇ ਜੋਤੀ-ਜੋਤ ਸਮਾਉਣ ਦਾ ਸਮਾਂ ਆ ਰਿਹਾ ਹੈ ।

ਜਦ ਗੁਰੂ ਜੀ ਲਾਹੌਰ ਵੱਲ ਨੂੰ ਤੁਰ ਗਏ ਤਾਂ ਬਾਬਾ ਬੁੱਢਾ ਜੀ ਨੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਦਾ ਤਿਲਕ ਲਾਇਆ । ਗੁਰਿਆਈ ਦਾ ਤਿਲਕ ਲਾ ਕੇ ਬਾਬਾ ਬੁੱਢਾ ਜੀ ਨੇ ਉਹਨਾਂ ਨੂੰ ਰਿਵਾਜ ਮੁਜਬ ਸੇਲ੍ਹੀ ਟੋਪੀ ਪੇਸ਼ ਕੀਤੀ ।

ਸੇਲ੍ਹੀ ਉੱਨ ਜਾਂ ਰੇਸ਼ਮ ਦੀ ਗੁੰਦੀ ਹੋਈ ਰੱਸੀ ਹੁੰਦੀ ਸੀ ਜੋ ਸੰਤ ਮਹਾਤਮਾ ਟੋਪੀ ਜਾਂ ਸਾਫੇ ਉੱਪਰ ਬੰਨ੍ਹਿਆ ਕਰਦੇ ਸਨ । ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤੀਕ ਸੇਲ੍ਹੀ ਟੋਪੀ ਪਹਿਨਣ ਦੀ ਰੀਤ ਚਲੀ ਆਈ ਸੀ । ਇਸੇ ਕਰਕੇ ਹੀ ਬਾਬਾ ਬੁੱਢਾ ਜੀ ਨੇ ਇਹ ਚੀਜ਼ਾਂ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਪੇਸ਼ ਕੀਤੀਆਂ ਪਰ ਗੁਰੂ ਜੀ ਨੇ ਬਾਬਾ ਜੀ ਨੂੰ ਕਿਹਾ , 'ਹੁਣ ਸੇਲ੍ਹੀ ਟੋਪੀ ਪਾਉਣ ਦੇ ਦਿਨ ਨਹੀਂ ਰਹਿ ਗਏ । ਜ਼ੁਲਮ ਦੀ ਅਤਿ ਹੋ ਗਈ ਹੈ । ਹੁਣ ਸੇਲ੍ਹੀ ਟੋਪੀ ਪਹਿਨ ਕੇ ਅਤੇ



Sri Satguru Jagjit Singh Ji eLibrary NamdhariElibrary@gmail.com

ਸੰਤ ਬਣ ਕੇ ਮਾਲਾ ਫੇਰਨ ਦਾ ਸਮਾਂ ਨਹੀਂ । ਹੁਣ ਤਾਂ ਜ਼ਾਲਮਾਂ ਦਾ ਨਾਸ ਕਰਨ ਲਈ ਸੂਰਮੇ ਬਣ ਕੇ ਮੈਦਾਨ ਵਿੱਚ ਨਿੱਤਰਨ ਦੀ ਲੋੜ ਹੈ । ਹੁਣ ਗੁਰਿਆਈ ਦਾ ਨਿਸ਼ਾਨ ਸੇਲ੍ਹੀ ਟੋਪੀ ਨਹੀਂ ਸਗੋਂ ਦਸਤਾਰ, ਕਲਗੀ ਤੇ ਤਲਵਾਰ ਹੋਵੇਗੀ । ਤਲਵਾਰਾਂ ਵੀ ਅਸੀਂ ਦੋ ਪਹਿਨਾਂਗੇ । ਇਕ ਤਲਵਾਰ ਨਿਸ਼ਾਨੀ ਹੋਵੇਗੀ—ਸਾਡੇ ਧਾਰਮਿਕ ਆਗੂ ਹੋਣ ਦੀ, ਪੀਰੀ ਦੀ ਤੇ ਦੂਜੀ ਤਲਵਾਰ ਨਿਸ਼ਾਨੀ ਹੋਵੇਗੀ—ਸੰਸਾਰੀ ਮਾਮਲਿਆਂ ਵਿੱਚ ਆਗੂ ਹੋਣ ਦੀ, ਮੀਰੀ ਦੀ ।"

ਇਸ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ । ਆਪ ਨੇ ਧਾਰਮਿਕ ਅਤੇ ਸੰਸਾਰਕ ਦੋਹਾਂ ਤਰ੍ਹਾਂ ਦੇ ਮਾਮਲਿਆਂ ਵਿੱਚ ਸਿੱਖਾਂ ਦੀ ਅਗਵਾਈ ਸੰਭਾਲੀ, ਇਸੇ ਕਰਕੇ ਆਪ ਜੀ ਨੂੰ ਮੀਰੀ ਪੀਰੀ ਦੇ ਮਾਲਕ ਕਿਹਾ ਜਾਂਦਾ ਹੈ । ਆਪ ਨੇ ਸਭ ਸਿੱਖਾਂ ਨੂੰ ਹੁਕਮਨਾਮੇ ਭੇਜੇ ਕਿ ਅਗਾਂਹ ਨੂੰ ਹੋਰ ਭੇਟਾ ਦੇ ਨਾਲ ਚੰਗੇ ਘੋੜੇ ਅਤੇ ਸ਼ਸਤਰ ਵੀ ਲਿਆਇਆ ਕਰੋ । ਨਾਲ ਹੀ ਉਹਨਾਂ ਨੇ ਇਹ ਵੀ ਹੁਕਮ ਦਿੱਤਾ ਕਿ ਸਿੱਖ ਘੋੜੇ ਦੀ ਸਵਾਰੀ ਕਰਨ ਅਤੇ ਸ਼ਸਤਰ ਵਰਤਣ ਦੀ ਜਾਚ ਵੀ ਸਿੱਖਣ ।

## ਪ੍ਰਸ਼ਨ

*੧. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੇਲ੍ਹੀ ਟੋਪੀ ਪਹਿਨਣੋਂ ਨਾਂਹ ਕਿਉਂ ਕੀਤੀ ? ਇਨ੍ਹਾਂ ਦੇ ਥਾਂ ਆਪ ਨੇ ਕੀ ਪਹਿਨਿਆ ?*

*੨. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਮੀਰੀ-ਪੀਰੀ ਦਾ ਮਾਲਕ ਕਿਉਂ ਕਹਿੰਦੇ ਹਨ ?*

# ੮. ਬੰਦੀ ਛੋੜ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਗਰੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਅਤੇ ਦਸਤਾਰ ਉੱਪਰ ਕਲਗੀ ਸਜਾਈ। ਉਹਨਾਂ ਨੂੰ ਘੋੜੇ ਦੀ ਸਵਾਰੀ ਕਰਨ ਅਤੇ ਸ਼ਸਤਰ ਵਰਤਣ ਦੀ ਸਿਖਲਾਈ ਤਾਂ ਪਹਿਲਾਂ ਹੀ ਬਾਬਾ ਬੁੱਢਾ ਜੀ ਨੇ ਕਰਾਈ ਹੋਈ ਸੀ। ਉਹਨਾਂ ਨੇ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜੇ ਕਿ ਘੋੜੇ ਅਤੇ ਸ਼ਸਤਰਾਂ ਦੀ ਭੇਟ ਲਿਆਇਆ ਕਰੋ, ਆਪ ਵੀ ਘੋੜੇ ਦੀ ਸਵਾਰੀ ਕਰਨ ਅਤੇ ਸ਼ਸਤਰ ਵਰਤਣ ਦੀ ਜਾਚ ਸਿੱਖੋ। ਗੁਰੂ ਜੀ ਨੇ ਫੌਜ ਤਿਆਰ ਕਰ ਲਈ, ਨਗਾਰਾ ਵੀ ਬਣਾ ਲਿਆ ਅਤੇ ਨਿਸ਼ਾਨ (ਝੰਡਾ) ਵੀ ਝੁਲਾਇਆ। ਉਹ ਸ੍ਰੀ ਅਕਾਲ ਤਖਤ ਸਾਹਿਬ ਬਹਿ ਕੇ ਸਿੱਖਾਂ ਦੇ ਝਗੜੇ ਸ਼ਿਕਾਇਤਾਂ ਸੁਣਦੇ ਅਤੇ ਫੈਸਲੇ ਨਿਬੇੜਿਆ ਕਰਦੇ ਸਨ।

ਗੁਰੂ-ਘਰ ਦੇ ਪੁਰਾਣੇ ਵੈਰੀਆਂ ਨੇ ਗੁਰੂ ਜੀ ਵਿਰੁੱਧ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਉਹਨਾਂ ਨੇ ਜਹਾਂਗੀਰ ਨੂੰ ਕਿਹਾ, 'ਗੁਰੂ ਜੀ ਨੇ ਫੌਜ ਤਿਆਰ ਕੀਤੀ ਹੋਈ ਹੈ, ਉਹਨਾਂ ਨੇ ਰਾਜਿਆਂ-ਬਾਦਸ਼ਾਹਾਂ ਵਾਕੁਰ ਨਗਾਰਾ ਬਣਇਆ ਹੋਇਆ ਹੈ। ਉਹ ਨਿਸ਼ਾਨ ਜਾਂ ਝੰਡਾ ਵੀ ਝੁਲਾਉਂਦੇ ਹਨ। ਜਦ ਉਹ ਸ਼ਿਕਾਰ ਚੜ੍ਹਦੇ ਹਨ ਤਾਂ ਰਾਜਿਆਂ ਵਾਂਗੂੰ ਨਗਾਰਾ ਵਜਾ ਕੇ ਤੁਰਦੇ ਹਨ। ਉਹ ਆਪਣੇ ਆਪ ਨੂੰ 'ਸੱਚਾ ਪਾਤਸ਼ਾਹ' ਅਖਵਾਉਂਦੇ ਹਨ। ਉਹ ਲੋਕਾਂ ਦੇ ਝਗੜੇ ਨਿਬੇੜਦੇ ਤੇ ਨਿਆਂ ਕਰਦੇ ਹਨ। ਗੱਲ ਕੀ, ਉਹ ਰਾਜੇ ਬਣੀ ਬੈਠੇ ਹਨ। ਜੇ ਉਹਨਾਂ ਨੂੰ ਰੋਕਿਆ, ਦਬਾਇਆ ਨਾ ਗਿਆ ਤਾਂ ਉਹ ਤੁਹਾਡਾ ਰਾਜ ਹਟਾ ਕੇ ਆਪਣਾ ਰਾਜ ਕਾਇਮ ਕਰ ਲੈਣਗੇ।" ਜਹਾਂਗੀਰ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਇਹ ਕਾਰਵਾਈਆਂ ਆਪਣੇ ਰਾਜ ਲਈ ਖਤਰਾ ਜਾਪੀਆਂ। ਉਸ ਨੇ ਆਪਣੇ ਆਦਮੀ ਅੰਮ੍ਰਿਤਸਰ ਭੇਜੇ ਕਿ ਜਾ ਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਦਿੱਲੀ ਲੈ ਆਓ। ਜਦ ਆਪ ਜੀ ਦਿੱਲੀ ਪੁੱਜੇ ਤਾਂ ਪਹਿਲਾਂ ਤਾਂ ਜਹਾਂਗੀਰ ਨੇ ਉਹਨਾਂ ਦਾ ਬੜਾ ਆਦਰ ਕੀਤਾ, ਪਰ ਫੇਰ ਉਸ ਨੇ ਉਹਨਾਂ ਨੂੰ ੧੨ ਸਾਲ ਦੀ ਕੈਦ ਦਾ ਹੁਕਮ ਦੇ ਦਿੱਤਾ ਅਤੇ

ਗਵਾਲੀਅਰ ਦੇ ਕਿਲ੍ਹੇ ਵਿੱਚ ਭੇਜ ਦਿੱਤਾ । ਉਥੇ ਪਹਿਲਾਂ ਹੀ ੫੨ ਰਾਜੇ ਜਹਾਂਗੀਰ ਦੀ ਕੈਦ ਵਿੱਚ ਸਨ ।

ਗੁਰੂ ਜੀ ਦੇ ਕੈਦ ਕੀਤੇ ਜਾਣ ਦੀ ਖ਼ਬਰ ਸੁਣ ਕੇ ਸਿੱਖ ਬੜੇ ਦੁਖੀ ਹੋਏ । ਥਾਂ ਥਾਂ ਤੋਂ ਜਥੇ ਬਣਾ ਬਣਾ ਸਿੱਖ ਗਵਾਲੀਅਰ ਪਹੁੰਚਣ ਲੱਗ ਪਏ । ਉਹ ਗੁਰੂ ਜੀ ਦੇ ਦਰਸ਼ਨ ਕਰਨ ਜਾਂਦੇ ਸਨ ਪਰ ਉਹਨਾਂ ਨੂੰ ਗੁਰੂ ਜੀ ਦੇ ਦਰਸ਼ਨ ਕਰਨ ਦੀ ਆਗਿਆ ਨਹੀਂ ਸੀ ਮਿਲਦੀ । ਉਹ ਕਿਲ੍ਹੇ ਦੀ ਕੰਧ ਨੂੰ ਚੁੰਮ ਕੇ ਅਤੇ ਮੱਥਾ ਟੇਕ ਕੇ ਮੁੜ ਆਉਂਦੇ ਸਨ ।

ਸਿੱਖਾਂ ਦੇ ਇਸ ਜੋਸ਼ ਤੇ ਬੇਚੈਨੀ ਦਾ ਜਹਾਂਗੀਰ ਨੂੰ ਪਤਾ ਲੱਗਾ । ਉਸ ਨੂੰ ਡਰ ਜਿਹਾ ਭਾਸਿਆ । ਸਿੱਖਾਂ ਤੋਂ ਬਿਨਾਂ ਨੇਕ ਅਤੇ ਰੱਬ ਦੇ ਭੈ ਵਾਲੇ ਮੁਸਲਮਾਨਾਂ ਨੇ ਵੀ ਜਹਾਂਗੀਰ ਦੇ ਇਸ ਕੰਮ ਨੂੰ ਬੁਰਾ ਆਖਿਆ । ਸਾਈਂ ਮੀਆਂ ਮੀਰ ਵਰਗਿਆਂ ਨੇ ਜਹਾਂਗੀਰ ਨੂੰ ਸਲਾਹ ਦਿੱਤੀ ਕਿ ਰੱਬ ਦੇ ਪਿਆਰੇ ਗੁਰੂ ਹਰਿਗੋਬਿੰਦ ਜੀ ਨੂੰ ਛੱਡ ਦਿਓ । ਨਤੀਜਾ ਇਹ ਹੋਇਆ ਕਿ ਦੋ ਕੁ ਸਾਲ ਦੀ ਕੈਦ ਮਗਰੋਂ ਗੁਰੂ ਜੀ ਨੂੰ ਛੱਡ ਦੇਣ ਦੇ ਹੁਕਮ ਜਾਰੀ ਹੋ ਗਏ ।

ਇਹ ਹੁਕਮ ਗੁਰੂ ਜੀ ਨੂੰ ਦੱਸੇ ਗਏ ਅਤੇ ਉਹਨਾਂ ਨੂੰ ਕਿਹਾ ਗਿਆ ਕਿ ਆਪ ਆਜ਼ਾਦ ਹੋ; ਆਪ ਜਾ ਸਕਦੇ ਹੋ । ਪਰ ਗੁਰੂ ਜੀ ਨੇ ਕਿਹਾ, "ਅਸੀਂ ਇਕੱਲੇ ਨਹੀਂ ਜਾਵਾਂਗੇ, ੫੨ ਰਾਜੇ ਸਾਡੇ ਪ੍ਰੇਮੀ ਬਣ ਗਏ ਹਨ । ਇਹ ਵੀ ਧੱਕੇ ਨਾਲ ਕੈਦ ਕੀਤੇ ਹੋਏ ਹਨ । ਇਹ ਬੇ-ਕਸੂਰ ਹਨ । ਅਸੀਂ ਤਾਂ ਇਨ੍ਹਾਂ ਨੂੰ ਨਾਲ ਲੈ ਕੇ ਜਾਵਾਂਗੇ, ਨਹੀਂ ਤਾਂ ਇਨ੍ਹਾਂ ਦੇ ਨਾਲ ਹੀ ਇਥੇ ਰਹਾਂਗੇ ।"

ਗੁਰੂ ਜੀ ਦੇ ਬਚਨ ਜਹਾਂਗੀਰ ਪਾਸ ਪੁਚਾਏ ਗਏ । ਉਸ ਨੇ ਕਹਿ ਭੇਜਿਆ, "ਸਾਰੇ ਰਾਜੇ ਤਾਂ ਨਹੀਂ ਛੱਡੇ ਜਾ ਸਕਦੇ, ਹਾਂ ਜਿੰਨੇ ਜਣੇ ਗੁਰੂ ਜੀ ਦਾ ਪੱਲਾ ਫੜ ਕੇ ਬਾਹਰ ਆ ਸਕਣ, ਉਨੇ ਛੱਡ ਦਿੱਤੇ ਜਾਣ ।" ਇਹ ਹੁਕਮ ਸੁਣ ਕੇ ਰਾਜੇ ਨਿਰਾਸ ਹੋ ਗਏ । ਉਹ ਸੋਚਣ, "ਗੁਰੂ ਜੀ ਦਾ ਪੱਲਾ ਫੜ ਕੇ ਕਿੰਨੇ ਕੁ ਜਣੇ ਬਾਹਰ ਨਿਕਲ ਸਕਣਗੇ ? ਬਹੁਤੇ ਤਾਂ ਅੰਦਰ ਹੀ ਰਹਿਣਗੇ ।" ਪਰ ਗੁਰੂ ਜੀ ਨੇ ਉਹਨਾਂ ਨੂੰ ਧੀਰਜ ਦਿੱਤੀ ਅਤੇ ਕਿਹਾ, "ਚਿੰਤਾ ਨਾ ਕਰੋ, ਮੈਂ ਢੰਗ ਸੋਚ ਲਿਆ ਹੈ । ਤੁਸੀਂ ਸਾਰੇ

Sri Satguru Jagjit Singh Ji eLibrary NamdhariElibrary@gmail.com

ਤਿਆਰ ਹੋ ਜਾਓ ।"

ਗੁਰੂ ਜੀ ਪੰਜਾਹ ਕਲੀਆਂ ਵਾਲਾ ਜਾਮਾਂ ਪਹਿਨਿਆ ਕਰਦੇ ਸਨ । ਆਪ ਨੇ ਆਪਣੇ ਜਾਮੇ ਦੀ ਇਕ ਇਕ ਕਲੀ ਪੰਜਾਹ ਰਾਜਿਆਂ ਨੂੰ ਫੜਾਈ । ਦੋਂਹ ਰਾਜਿਆਂ ਨੂੰ ਉਹਨਾਂ ਆਪਣੇ ਹੱਥ ਫੜਾਏ । ਇਸ ਤਰ੍ਹਾਂ ੫੨ ਹੀ ਰਾਜਿਆਂ ਨੂੰ ਨਾਲ ਲੈ ਕੇ ਉਹ ਕਿਲ੍ਹੇ ਤੋਂ ਬਾਹਰ ਆ ਗਏ । ਇਸ ਤਰ੍ਹਾਂ ਆਪ ਨੇ ਉਹਨਾਂ ੫੨ ਰਾਜਸੀ ਕੈਦੀਆਂ ਨੂੰ ਛੁਡਾਇਆ । ਉਸ ਦਿਨ ਤੋਂ ਆਪ ਦਾ ਨਾਂ 'ਬੰਦੀ-ਛੋੜ' ਅਰਥਾਤ ਕੈਦੀਆਂ ਨੂੰ ਛੁਡਾਉਣ ਵਾਲੇ ਪੈ ਗਿਆ ।

## ਪ੍ਰਸ਼ਨ

*੧. ਗੁਰੂ-ਘਰ ਦੇ ਵੈਰੀਆਂ ਨੇ ਗੁਰੂ ਹਰਿਗੋਬਿੰਦ ਜੀ ਬਾਰੇ ਜਹਾਂਗੀਰ ਨੂੰ ਕੀ ਕਿਹਾ ?*

*੨. ਜਹਾਂਗੀਰ ਨੇ ਗੁਰੂ ਹਰਿਗੋਬਿੰਦ ਜੀ ਨੂੰ ਕਿਉਂ, ਕਿੰਨੇ ਚਿਰ ਲਈ ਅਤੇ ਕਿਥੇ ਕੈਦ ਕੀਤਾ ?*

*੩. ਗੁਰੂ ਜੀ ਦੇ ਕੈਦ ਕੀਤੇ ਜਾਣ ਦੀ ਖ਼ਬਰ ਦਾ ਸਿੱਖਾਂ ਅਤੇ ਚੰਗੇ ਮੁਸਲਮਾਨਾਂ ਉੱਪਰ ਕੀ ਅਸਰ ਹੋਇਆ ?*

*੪. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ "ਬੰਦੀ-ਛੋੜ" ਕਿਉਂ ਕਹਿੰਦੇ ਹਨ ? ਸਾਰੀ ਸਾਖੀ ਦੱਸੋ ।*

# ੯. ਪ੍ਰੇਮ ਦੀ ਖਿੱਚ

ਇਕ ਵੇਰ ਇਕ ਗਰੀਬ ਸਿੱਖ ਦੇ ਮਨ ਵਿੱਚ ਰੀਝ ਉੱਠੀ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੇਵਾ ਕੀਤੀ ਜਾਵੇ । ਉਸ ਦਾ ਜੀਅ ਕੀਤਾ ਕਿ ਗੁਰੂ ਜੀ ਨੂੰ ਘਰ ਸੱਦ ਕੇ ਪ੍ਰਸ਼ਾਦ ਛਕਾਇਆ ਜਾਵੇ ਪਰ ਫੇਰ ਉਸ ਨੂੰ ਖਿਆਲ ਆਇਆ," ਮਨਾ ! ਕੁਝ ਹੋਸ਼ ਕਰ, ਮੈਂ ਗਰੀਬ ਹਾਂ, ਸਾਰਾ ਦਿਨ ਮਿਹਨਤ ਮਜ਼ੂਰੀ ਕਰ ਕੇ ਰੁੱਖੀ-ਮਿੱਸੀ ਖਾਣ ਜੋਗੇ ਪੈਸੇ ਕਮਾਉਂਦਾ ਹਾਂ । ਉਹ ਦੋ ਜਹਾਨ ਦੇ ਮਾਲਕ ਸੱਚੇ ਪਾਤਸ਼ਾਹ ਹਨ । ਉਹ ਮੇਰੇ ਜਿਹੇ ਗਰੀਬ ਦੇ ਘਰ ਕਿਵੇਂ ਆ ਸਕਦੇ ਹਨ ? ਮੈਂ ਉਹਨਾਂ ਦੇ ਲਾਇਕ ਦਾ ਭੋਜਨ ਕਿਥੋਂ ਲਿਆ ਸਕਦਾ ਹਾਂ ?

ਉਸ ਨੇ ਆਪਣੇ ਮਨ ਦੀ ਗੱਲ ਆਪਣੀ ਘਰ ਵਾਲੀ ਨੂੰ ਦੱਸੀ । ਉਹ ਕਹਿਣ ਲੱਗੀ,"ਬੜੀ ਸੋਹਣੀ ਗੱਲ ਸੋਚੀ ਜੇ ! ਪਰ ਮੈਨੂੰ ਭਰੋਸਾ ਹੈ ਕਿ ਗੁਰੂ ਜੀ ਪਿਆਰ ਦੇ ਭੁੱਖੇ ਹਨ । ਵਧੀਆ ਸੁਆਦੀ ਖਾਣਿਆਂ ਨਾਲੋਂ ਸੱਚਾ ਪਿਆਰ ਉਹਨਾਂ ਨੂੰ ਵਧੇਰੇ ਸੁਆਦੀ ਲੱਗਦਾ ਹੈ । ਸੱਚੇ ਪਿਆਰ ਨਾਲ ਤਿਆਰ ਕੀਤੀ ਰੁੱਖੀ-ਮਿੱਸੀ ਰੋਟੀ ਨੂੰ, ਉਹ ਪਿਆਰ ਬਿਨਾਂ ਤਿਆਰ ਕੀਤੇ ਵਧੀਆ ਖਾਣਿਆਂ ਨਾਲੋਂ, ਚੰਗੇਰੀ ਸਮਝਦੇ ਹਨ । ਉਹ ਜ਼ਰੂਰ ਆਉਣਗੇ । ਜੇ ਸਾਡਾ ਪਿਆਰ ਸੱਚਾ ਹੋਵੇਗਾ ਤਾਂ ਉਹ ਉਹਨਾਂ ਨੂੰ ਜ਼ਰੂਰ ਖਿੱਚ ਲਵੇਗਾ ।"

ਸਿੱਖ ਨੇ ਦਿਨ ਭਰ ਮਿਹਨਤ ਕੀਤੀ ਅਤੇ ਕੁਝ ਪੈਸੇ ਕਮਾਏ । ਅਗਲੇ ਦਿਨ ਦੋਹਾਂ ਜੀਆਂ ਨੇ ਰਲ ਕੇ ਬੜੇ ਪ੍ਰੇਮ ਨਾਲ ਮਿੱਸੀਆਂ ਰੋਟੀਆਂ ਤਿਆਰ ਕੀਤੀਆਂ । ਫੇਰ ਦੋਵੇਂ ਜੀਅ ਹੱਥ ਜੋੜ ਕੇ ਬਹਿ ਗਏ । ਉਹ ਗੁਰੂ ਜੀ ਨੂੰ ਪਿਆਰ ਨਾਲ ਯਾਦ ਕਰਨ ਅਤੇ ਕਹਿਣ ਲੱਗ ਪਏ,'ਗੁਰੂ ਜੀ ! ਸਾਡੀਆਂ ਮਿੱਸੀਆਂ ਰੋਟੀਆਂ ਕਬੂਲ ਕਰੋ ! ਸਾਨੂੰ ਨਿਹਾਲ ਕਰੋ !

ਉਹਨਾਂ ਦੇ ਪਿਆਰ ਨੇ ਗੁਰੂ ਜੀ ਨੂੰ ਖਿੱਚਿਆ । ਗੁਰੂ ਜੀ ਉਹਨਾਂ ਦੇ ਦਿਲ ਦੀ ਗੱਲ ਬੁੱਝ ਗਏ । ਉਹ ਘੋੜਾ ਭਜਾ ਕੇ ਉਹਨਾਂ ਦੇ ਘਰ ਆ ਪਹੁੰਚੇ । ਦੋਹਾਂ ਜੀਆਂ ਨੇ ਬੜੇ ਚਾਅ ਨਾਲ ਗੁਰੂ ਜੀ ਨੂੰ ਮੱਥਾ ਟੇਕਿਆ । ਅੱਗੋਂ ਗੁਰੂ ਜੀ ਕਹਿਣ ਲੱਗੇ,'ਸਾਨੂੰ ਭੁੱਖ ਲੱਗੀ ਹੈ, ਅਸਾਂ ਮਿੱਸੀਆਂ ਰੋਟੀਆਂ ਖਾਣੀਆਂ ਹਨ, ਲਿਆਓ ਛੇਤੀ ਕਰੋ ।'

Sri Satguru Jagjit Singh Ji eLibrary NamdhariElibrary@gmail.com

ਉਹਨਾਂ ਨੇ ਬੜੇ ਚਾਅ ਅਤੇ ਪਿਆਰ ਨਾਲ ਗੁਰੂ ਜੀ ਨੂੰ ਮਿੱਸੀਆਂ ਰੋਟੀਆਂ ਖਵਾਈਆਂ ਤੇ ਗੁਰੂ ਜੀ ਨੇ ਬੜੇ ਸਵਾਦ ਨਾਲ ਖਾਧੀਆਂ ।

ਇਸੇ ਤਰ੍ਹਾਂ ਇਕ ਵੇਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਾਲਵੇ ਦਾ ਦੌਰਾ ਕਰ ਰਹੇ ਸਨ । ਉਥੋਂ ਦੇ ਨਵੇਂ ਬਣੇ ਸਿੱਖ ਸਾਧੂ ਤੇ ਰੂਪਾ ਵੀ ਸਨ । ਉਹ ਬਾਹਰ ਖੇਤਾਂ ਵਿੱਚ ਵਾਹੀ-ਗੋਡੀ ਦਾ ਕੰਮ ਕਰ ਰਹੇ ਸਨ । ਗਰਮੀ ਦੀ ਰੁੱਤ ਸੀ । ਉਹਨਾਂ ਨੇ ਖੂਹ ਦੇ ਸੱਜਰੇ ਪਾਣੀ ਨਾਲ ਨਵੀਂ ਕੋਰੀ ਟਿੰਡ ਭਰੀ ਹੋਈ ਸੀ । ਇਹ ਟਿੰਡ ਉਹਨਾਂ ਨੇ ਰੁੱਖ ਨਾਲ ਟੰਗੀ ਹੋਈ ਸੀ ।

ਉਹਨਾਂ ਨੂੰ ਤਰੇਹ ਲੱਗੀ । ਉਹਨਾਂ ਨੇ ਟਿੰਡ ਰੁੱਖ ਨਾਲੋਂ ਲਾਹੀ । ਪਾਣੀ ਬਹੁਤ ਠੰਡਾ ਹੋਇਆ ਹੋਇਆ ਸੀ । ਉਹਨਾਂ ਨੂੰ ਖਿਆਲ ਆਇਆ, ਇਹ ਪਾਣੀ ਤਾਂ ਬਹੁਤ ਠੰਡਾ ਹੈ । ਇਹ ਤਾਂ ਗੁਰੂ ਜੀ ਦੇ ਪੀਣ ਲਾਇਕ ਹੈ । ਬੜਾ ਹੀ ਚੰਗਾ ਹੋਵੇ ਜੇ ਗੁਰੂ ਜੀ ਆ ਜਾਣ ਤੇ ਇਹ ਠੰਡਾ ਪਾਣੀ ਪੀ ਲੈਣ । ਇਹ ਸੋਚ ਕੇ ਉਹਨਾਂ ਨੇ ਟਿੰਡ ਰੁੱਖ ਨਾਲ ਟੰਗ ਦਿੱਤੀ ਅਤੇ ਬੜੇ ਪਿਆਰ ਨਾਲ ਗੁਰੂ ਜੀ ਨੂੰ ਯਾਦ ਕਰਨ ਲੱਗ ਪਏ ।

ਗੁਰੂ ਜੀ ਉਸ ਵੇਲੇ ਸ਼ਿਕਾਰ ਖੇਡ ਰਹੇ ਸਨ, ਉਹਨਾਂ ਨੇ ਸਾਧੂ ਤੇ ਰੂਪੇ ਦੇ ਮਨ ਦੀ ਗੱਲ ਬੁੱਝ ਲਈ । ਉਹਨਾਂ ਸਿੱਖਾਂ ਦੇ ਪ੍ਰੇਮ ਨੇ ਗੁਰੂ ਜੀ ਨੂੰ ਖਿਚਿਆ । ਉਹ ਘੋੜਾ ਭਜਾ ਕੇ ਸਾਧੂ ਤੇ ਰੂਪੇ ਪਾਸ ਪੁੱਜ ਗਏ ਅਤੇ ਕਹਿਣ ਲੱਗੇ, 'ਤਰੇਹ ਲੱਗੀ ਹੈ, ਠੰਡਾ ਪਾਣੀ ਪਿਆਓ !'

ਸਿੱਖਾਂ ਨੇ ਬੜੇ ਚਾਅ ਤੇ ਪਿਆਰ ਨਾਲ ਠੰਡੇ ਪਾਣੀ ਦੀ ਟਿੰਡ ਗੁਰੂ ਜੀ ਨੂੰ ਫੜਾਈ । ਆਪ ਨੇ ਬੜੇ ਸੁਆਦ ਤੇ ਪਿਆਰ ਨਾਲ ਪਾਣੀ ਪੀਤਾ, ਸਿੱਖਾਂ ਨੂੰ ਸ਼ਾਬਾਸ਼ੇ ਕਹਿ ਕੇ ਥਾਪੀ ਦਿੱਤੀ ਅਤੇ ਫੇਰ ਘੋੜਾ ਭਜਾ ਕੇ ਚਲੇ ਗਏ ।

## ਪ੍ਰਸ਼ਨ

*੧. ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਿੱਸੀਆਂ ਰੋਟੀਆਂ ਖਾਣ ਦੀ ਸਾਖੀ ਦੱਸੋ ।*

*੨. ਸਾਧੂ ਤੇ ਰੂਪੇ ਨੇ ਕੀ ਖਾਹਿਸ਼ ਕੀਤੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਹ ਕਿਵੇਂ ਪੂਰੀ ਕੀਤੀ ?*

*੩. ਦੋ ਸਾਖੀਆਂ ਦੱਸੋ, ਜਿਨ੍ਹਾਂ ਤੋਂ ਪਤਾ ਲੱਗੇ ਕਿ ਗੁਰੂ ਜੀ ਸਿੱਖਾਂ ਦੇ ਪ੍ਰੇਮ ਨਾਲ ਕਿਵੇਂ ਖਿੱਚੇ ਜਾਂਦੇ ਸਨ ।*

Sri Satguru Jagjit Singh Ji eLibrary NamdhariElibrary@gmail.com

# ਗੁਰਬਾਣੀ

# ਰਹਰਾਸਿ

**ਸੋ ਦਰੁ ਰਾਗੁ ਆਸਾ ਮਹਲਾ ੧ ੴ ਸਤਿਗੁਰ ਪ੍ਰਸਾਦਿ ॥**

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥ ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥ ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥ ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥ ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥ ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥ ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥ ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥ ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥ ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥ ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥ ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥ ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥ ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥ ਸੋ ਪਾਤਿਸਾਹੁ ਸਾਹਾਪਤਿ ਸਾਹਿਬੁ ਨਾਨਕ ਰਹਣੁ ਰਜਾਈ ॥੧॥

**ਆਸਾ ਮਹਲਾ ੧ ॥**

ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥ ਕਰਮਿ ਮਿਲੈ

Sri Satguru Jagjit Singh Ji eLibrary NamdhariElibrary@gmail.com

ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥

ਆਸਾ ਮਹਲਾ ੧ ॥

ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥ ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥ ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥ ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥

ਰਾਗੁ ਗੂਜਰੀ ਮਹਲਾ ੪ ॥

ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥ ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥ ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥ ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ਰਹਾਉ॥ ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥ ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥ ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥ ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥ ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥ ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥

ਰਾਗੁ ਗੂਜਰੀ ਮਹਲਾ ੫ ॥

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥ ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥ ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ਰਹਾਉ॥ ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥ ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥ ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥ ਤਿਨਿ

ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥ ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥ ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥੪॥੫॥

ਰਾਗੁ ਆਸਾ ਮਹਲਾ ੪ ਸੋ ਪੁਰਖੁ ੴ ਸਤਿਗੁਰ ਪ੍ਰਸਾਦਿ ॥

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥ ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥ ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥ ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥ ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥੧॥ ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥ ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥ ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥ ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥ ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥੨॥ ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ ॥ ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥ ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥ ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥ ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ ॥੩॥ ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥ ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥ ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥ ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ ॥ ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥ ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥ ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥ ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥ ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥ ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੧॥

ਆਸਾ ਮਹਲਾ ੪ ॥

ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥ ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥੧॥ਰਹਾਉ॥ ਸਭ ਤੇਰੀ ਤੂੰ ਸਭਨੀ ਧਿਆਇਆ ॥ ਜਿਸ ਨੋ

ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥ ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥ ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥ ਤੂੰ ਦਰੀਆਉ ਸਭ ਤੁਝ ਹੀ ਮਾਹਿ ॥ ਤੁਝ ਬਿਨੁ ਦੂਜਾ ਕੋਈ ਨਾਹਿ ॥ ਜੀਅ ਜੰਤ ਸਭਿ ਤੇਰਾ ਖੇਲੁ ॥ ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥ ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ ਹਰਿ ਗੁਣ ਸਦ ਹੀ ਆਖਿ ਵਖਾਣੈ ॥ ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥ ਸਹਜੇ ਹੀ ਹਰਿ ਨਾਮਿ ਸਮਾਇਆ॥੩॥ ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥ ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥ ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥

ਆਸਾ ਮਹਲਾ ੧ ॥

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥ ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥ ਮਨ ਏਕੁ ਨ ਚੇਤਸਿ ਮੂੜ ਮਨਾ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ਰਹਾਉ॥ ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥ ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ॥੨॥੩॥

ਆਸਾ ਮਹਲਾ ੫ ॥

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ਰਹਾਉ॥ ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥ ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥

ਪਾ : ੧੦ ਕਬਿਯੋਬਾਚ ਬੇਨਤੀ ॥ ਚੌਪਈ ॥

ਹਮਰੀ ਕਰੋ ਹਾਥ ਦੈ ਰੱਛਾ ॥ ਪੂਰਨ ਹੋਇ ਚਿਤ ਕੀ ਇੱਛਾ ॥
ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥
ਹਮਰੇ ਦੁਸਟ ਸਭੈ ਤੁਮ ਘਾਵਹੁ ॥ ਆਪੁ ਹਾਥ ਦੈ ਮੋਹਿ ਬਚਾਵਹੁ ॥
ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿੱਖ ਸਭੈ ਕਰਤਾਰਾ ॥੨॥
ਮੋ ਰੱਛਾ ਨਿਜ ਕਰ ਦੈ ਕਰਿਯੈ ॥ ਸਭ ਬੈਰਨ ਕੋ ਆਜ ਸੰਘਰਿਯੈ ॥
ਪੂਰਨ ਹੋਇ ਹਮਾਰੀ ਆਸਾ ॥ ਤੋਰ ਭਜਨ ਕੀ ਰਹੈ ਪਿਆਸਾ ॥੩॥
ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥ ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥
ਸੇਵਕ ਸਿੱਖ ਹਮਾਰੇ ਤਾਰੀਅਹਿ ॥ ਚੁਨਿ ਚੁਨਿ ਸਤ੍ਰੁ ਹਮਾਰੇ ਮਾਰੀਅਹਿ ॥੪॥
ਆਪ ਹਾਥ ਦੈ ਮੁਝੈ ਉਬਰਿਯੈ ॥ ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥

ਦੂਜੋ ਸਦਾ ਹਮਾਰੇ ਪੱਛਾ ॥ ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥੫॥
ਰਾਖਿ ਲੇਹੁ ਮੁਹਿ ਰਾਖਨਹਾਰੇ ॥ ਸਾਹਿਬ ਸੰਤ ਸਹਾਇ ਪਿਯਾਰੇ ॥
ਦੀਨ ਬੰਧੁ ਦੁਸਟਨ ਕੇ ਹੰਤਾ ॥ ਤੁਮ ਹੋ ਪੁਰੀ ਚਤੁਰ ਦਸ ਕੰਤਾ ॥੬॥
ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸਿਵ ਜੂ ਅਵਤਾਰਾ ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥ ਸਕਲ ਕਾਲ ਕਾ ਕੀਆ ਤਮਾਸਾ ॥੭॥
ਜਵਨ ਕਾਲ ਜੋਗੀ ਸਿਵ ਕੀਓ ॥ ਬੇਦ ਰਾਜ ਬ੍ਰਹਮ ਜੂ ਥੀਓ ॥
ਜਵਨ ਕਾਲ ਸਭ ਲੋਕ ਸਵਾਰਾ ॥ ਨਮਸਕਾਰ ਹੈ ਤਾਹਿ ਹਮਾਰਾ ॥੮॥
ਜਵਨ ਕਾਲ ਸਭ ਜਗਤ ਬਨਾਯੋ ॥ ਦੇਵ ਦੈਤ ਜੱਛਨ ਉਪਜਾਯੋ ॥
ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥੯॥
ਨਮਸਕਾਰ ਤਿਸ ਹੀ ਕੋ ਹਮਾਰੀ ॥ ਸਕਲ ਪ੍ਰਜਾ ਜਿਨ ਆਪ ਸਵਾਰੀ ॥
ਸਿਵਕਨ ਕੋ ਸਿਵਗੁਨ ਸੁਖ ਦੀਓ ॥ ਸਤ੍ਰੁਨ ਕੋ ਪਲ ਮੋ ਬਧ ਕੀਓ ॥੧੦॥
ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥
ਚੀਟੀ ਤੇ ਕੁੰਚਰ ਅਸਥੂਲਾ ॥ ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ ॥੧੧॥
ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧੁਨ ਕੇ ਸੁਖੀ ॥
ਏਕ ਏਕ ਕੀ ਪੀਰ ਪਛਾਨੈਂ ॥ ਘਟ ਘਟ ਕੇ ਪਟ ਪਟ ਕੀ ਜਾਨੈਂ ॥੧੨॥
ਜਬ ਉਦਕਰਖ ਕਰਾ ਕਰਤਾਰਾ ॥ ਪ੍ਰਜਾ ਧਰਤ ਤਬ ਦੇਹ ਅਪਾਰਾ ॥
ਜਬ ਆਕਰਖ ਕਰਤ ਹੋ ਕਬਹੂੰ ॥ ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥
ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥ ਆਪੁ ਆਪਨੀ ਬੂਝ ਉਚਾਰੈ ॥
ਤੁਮ ਸਭ ਹੀ ਤੇ ਰਹਤ ਨਿਰਾਲਮ ॥ ਜਾਨਤ ਬੇਦ ਭੇਦ ਅਰ ਆਲਮ ॥੧੪॥
ਨਿਰੰਕਾਰ ਨ੍ਰਿਬਿਕਾਰ ਨਿਰਲੰਭ ॥ ਆਦਿ ਅਨੀਲ ਅਨਾਦਿ ਅਸੰਭ ॥
ਤਾ ਕਾ ਮੂੜ੍ਹ ਉਚਾਰਤ ਭੇਦਾ ॥ ਜਾ ਕੋ ਭੇਵ ਨ ਪਾਵਤ ਬੇਦਾ ॥੧੫॥
ਤਾ ਕੋ ਕਰਿ ਪਾਹਨ ਅਨੁਮਾਨਤ ॥ ਮਹਾ ਮੂੜ੍ਹ ਕਛੁ ਭੇਦ ਨ ਜਾਨਤ ॥
ਮਹਾਦੇਵ ਕੋ ਕਹਤ ਸਦਾ ਸਿਵ ॥ ਨਿਰੰਕਾਰ ਕਾ ਚੀਨਤ ਨਹਿ ਭਿਵ ॥੧੬॥
ਆਪੁ ਆਪਨੀ ਬੁਧਿ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੁਹਿ ਤੇਤੀ ॥
ਤੁਮਰਾ ਲਖਾ ਨ ਜਾਇ ਪਸਾਰਾ ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥
ਏਕੈ ਰੂਪ ਅਨੂਪ ਸਰੂਪਾ ॥ ਰੰਕ ਭਯੋ ਰਾਵ ਕਹੀ ਭੂਪਾ ॥
ਅੰਡਜ ਜੇਰਜ ਸੇਤਜ ਕੀਨੀ ॥ ਉਤਭੁਜ ਖਾਨਿ ਬਹੁਰ ਰਚਿ ਦੀਨੀ ॥੧੮॥
ਕਹੂੰ ਫੂਲ ਰਾਜਾ ਹ੍ਵੈ ਬੈਠਾ ॥ ਕਹੂੰ ਸਿਮਟਿ ਭਿਯੋ ਸੰਕਰ ਇਕੈਠਾ ॥
ਸਗਰੀ ਸ੍ਰਿਸਟਿ ਦਿਖਾਇ ਅਚੰਭਵ ॥ ਆਦਿ ਜੁਗਾਦਿ ਸਰੂਪ ਸੁਯੰਭਵ ॥੧੯॥
ਅਬ ਰੱਛਾ ਮੇਰੀ ਤੁਮ ਕਰੋ ॥ ਸਿੱਖ ਉਬਾਰਿ ਅਸਿੱਖ ਸੰਘਰੋ ॥
ਦੁਸ਼ਟ ਜਿਤੇ ਉਠਵਤ ਉਤਪਾਤਾ ॥ ਸਕਲ ਮਲੇਛ ਕਰੋ ਰਣ ਘਾਤਾ ॥੨੦॥

ਜੇ ਅਸਿਧੁਜ ਤਵ ਸਰਨੀ ਪਰੇ ॥ ਤਿਨ ਕੇ ਦੁਸਟ ਦੁਖਿਤ ਹ੍ਵੈ ਮਰੇ ॥
ਪੁਰਖ ਜਵਨ ਪਗ ਪਰੇ ਤਿਹਾਰੇ ॥ ਤਿਨ ਕੇ ਤੁਮ ਸੰਕਟ ਸਭ ਟਾਰੇ ॥੨੧॥
ਜੋ ਕਲਿ ਕੋ ਇਕ ਬਾਰ ਧਿਐਹੈ ॥ ਤਾ ਕੇ ਕਾਲ ਨਿਕਟਿ ਨਹਿ ਐਹੈ ॥
ਰੱਛਾ ਹੋਇ ਤਾਹਿ ਸਭ ਕਾਲਾ ॥ ਦੁਸਟ ਅਰਿਸਟ ਟਰੇਂ ਤਤਕਾਲਾ ॥੨੨॥
ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥ ਤਾ ਕੇ ਤਾਪ ਤਨਕ ਮੋ ਹਰਿਹੋ ॥
ਰਿੱਧਿ ਸਿੱਧਿ ਘਰ ਮੋ ਸਭ ਹੋਈ ॥ ਦੁਸ਼ਟ ਛਾਹ ਛ੍ਵੈ ਸਕੈ ਨ ਕੋਈ ॥੨੩॥
ਏਕ ਬਾਰ ਜਿਨ ਤੁਮੈ ਸੰਭਾਰਾ ॥ ਕਾਲ ਫਾਸ ਤੇ ਤਾਹਿ ਉਬਾਰਾ ॥
ਜਿਨ ਨਰ ਨਾਮ ਤਿਹਾਰੋ ਕਹਾ ॥ ਦਾਰਿਦ ਦੁਸਟ ਦੋਖ ਤੇ ਰਹਾ ॥੨੪॥
ਖੜਗ ਕੇਤ ਮੈ ਸਰਣਿ ਤਿਹਾਰੀ ॥ ਆਪ ਹਾਥ ਦੈ ਲੇਹੁ ਉਬਾਰੀ ॥
ਸਰਬ ਠੌਰ ਮੋ ਹੋਹੁ ਸਹਾਈ ॥ ਦੁਸਟ ਦੋਖ ਤੇ ਲੇਹੁ ਬਚਾਈ ॥੨੫॥

ਸ੍ਵੈਯਾ ॥

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਜੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਜੋ ॥
ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਜੋ ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਜੋ ਸਭ ਤੋਹਿ ਬਖਾਨਜੋ ॥

ਦੋਹਰਾ ॥

ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥

ਰਾਮਕਲੀ ਮਹਲਾ ੩ ਅਨੰਦੁ ੴ ਸਤਿਗੁਰ ਪ੍ਰਸਾਦਿ ॥

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥ ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥ ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥ ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥ ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥ ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥ ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥ ਕਹੈ ਨਾਨਕੁ ਮੰਨ ਮੇਰੇ

Sri Satguru Jagjit Singh Ji eLibrary NamdhariElibrary@gmail.com

ਸਦਾ ਰਹੁ ਹਰਿ ਨਾਲੇ ॥੨॥

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥ ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥ ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥ ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥ ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥

ਸਾਚਾ ਨਾਮੁ ਮੇਰਾ ਆਧਾਰੋ ॥ ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥ ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥ ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥ ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥ ਸਾਚਾ ਨਾਮੁ ਮੇਰਾ ਆਧਾਰੋ ॥੪॥

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥ ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥ ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥ ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥ ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥ ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥ ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥ ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥

ਮੁੰਦਾਵਣੀ ਮਹਲਾ ੫ ॥

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਾਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥

ਸਲੋਕ ਮਹਲਾ ੫ ॥

*ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥*
*ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥*
*ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥*
*ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥*

Sri Satguru Jagjit Singh Ji eLibrary NamdhariElibrary@gmail.com

# ਅਰਦਾਸ

ੴ ਵਾਹਿਗੁਰੂ ਜੀ ਕੀ ਫ਼ਤਹਿ ॥

ਸ੍ਰੀ ਭਗੌਤੀ ਜੀ ਸਹਾਇ ॥ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦॥ ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ ॥ ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ ॥ ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ ॥ ਸ੍ਰੀ ਹਰਿਕਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ ॥ ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥ ਸਭ ਥਾਈਂ ਹੋਇ ਸਹਾਇ ॥ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਸਭ ਥਾਈਂ ਹੋਇ ਸਹਾਇ ॥ ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ !

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ !

ਪੰਜਾਂ ਤਖ਼ਤਾਂ ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !

ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ, ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ । ਜਹਾਂ ਜਹਾਂ ਖ਼ਾਲਸਾ ਜੀ ਸਾਹਿਬ ਤਹਾਂ ਤਹਾਂ ਰੱਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖ਼ਾਲਸੇ ਜੀ ਕੇ ਬੋਲ-ਬਾਲੇ, ਬੋਲੋ ਜੀ ਵਾਹਿਗੁਰੂ !

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ

ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ ਬੋਲੋ ਜੀ ਵਾਹਿਗੁਰੂ !!

ਸਿੱਖਾਂ ਦਾ ਮਨ ਨੀਵਾਂ, ਮਤ ਉੱਚੀ, ਮਤ ਦਾ ਰਾਖਾ ਆਪ ਵਾਹਿਗੁਰੂ । ਹੇ ਅਕਾਲ ਪੁਰਖ ! ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖ਼ਸ਼ੋ ।

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ ! ਆਪ ਦੇ ਹਜ਼ੂਰ.........* ਦੀ ਅਰਦਾਸ ਹੈ ਜੀ । ਅੱਖਰ ਵਾਧਾ-ਘਾਟਾ ਭੁੱਲ-ਚੁੱਕ ਮਾਫ਼ ਕਰਨੀ । ਸਰਬੱਤ ਦੇ ਕਾਰਜ ਰਾਸ ਕਰਨੇ ।

ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ,
ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ ।

---

*ਇਥੇ ਉਸ ਬਾਣੀ ਦਾ ਨਾਮ ਲਵੋ, ਜੋ ਪੜ੍ਹੀ ਹੈ ਜਾਂ ਜਿਸ ਕਾਰਜ ਲਈ ਇਕੱਤ੍ਰਤਾ ਜਾਂ ਸੰਗਤ ਜੁੜੀ ਹੋਵੇ, ਉਸ ਦਾ ਜ਼ਿਕਰ ਯੋਗ ਸ਼ਬਦਾਂ ਵਿੱਚ ਕਰੋ ।*

Sri Satguru Jagjit Singh Ji eLibrary NamdhariElibrary@gmail.com

# ਸੋਹਿਲਾ

ਰਾਗੁ ਗਉੜੀ ਦੀਪਕੀ ਮਹਲਾ ੧ ੧ਓ ਸਤਿਗੁਰ ਪ੍ਰਸਾਦਿ ॥

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੋ ਸਿਰਜਣਹਾਰੋ ॥੧॥ ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ਰਹਾਉ॥ ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥ ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥

ਰਾਗੁ ਆਸਾ ਮਹਲਾ ੧ ॥

ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ਗੁਰੁ ਗੁਰੁ ਏਕੋ ਵੇਸ ਅਨੇਕ ॥੧॥ ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਇ ॥੧॥ਰਹਾਉ॥ ਵਿਸੁਏ ਚਸਿਆ ਘੜੀਆ ਪਹਰਾ ਥਿਤੀ·ਵਾਰੀ ਮਾਹੁ ਹੋਆ ॥ ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥

ਰਾਗੁ ਧਨਾਸਰੀ ਮਹਲਾ ੧ ॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥ ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ਰਹਾਉ॥ ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥ ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥ ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋੁ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥

ਰਾਗੁ ਗਉੜੀ ਪੂਰਬੀ ਮਹਲਾ ੪ ॥

ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥ ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥

Sri Satguru Jagjit Singh Ji eLibrary NamdhariElibrary@gmail.com

ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥ ਕਰਿ ਡੰਡਉਤ ਪੁਨੁ ਵਡਾ ਹੇ ॥੧॥ਰਹਾਉ॥ ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥ ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥ ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥ ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥ ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥ ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥

ਰਾਗੁ ਗਉੜੀ ਪੂਰਬੀ ਮਹਲਾ ੫ ॥

ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥ ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥ ਅਉਧ ਘਟੈ ਦਿਨਸੁ ਰੈਣਾਰੇ ॥ ਮਨ ਗੁਰ ਮਿਲਿ ਕਾਜ ਸਵਾਰੇ ॥੧॥ਰਹਾਉ॥ ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥ ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥ ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥ ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥ ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੫॥

---

# ਸ਼ਬਦ ਕੰਠ ਕਰੋ

ਬਿਲਾਵਲੁ ਮਹਲਾ ੫ ॥

ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥
ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ ॥
ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥
ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ॥੪॥

੨.

(ਰਾਗੁ ਸੋਰਠਿ ਵਾਰ ਮਹਲਾ ੪) ਪਉੜੀ ॥

*ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ ॥*
*ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ ॥*
*ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥*
*ਭਗਤ ਜਨਾ ਕੈ ਸੰਗਿ ਪਾਪ ਗਵਾਵਣਾ ॥*
*ਜਨ ਨਾਨਕ ਸਦ ਬਲਿਹਾਰੈ ਬਲਿ ਬਲਿ ਜਾਵਣਾ ॥੨੫॥*

੩.

ਵਡਹੰਸੁ ਮਹਲਾ ੫ ॥

ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥
ਹਉ ਬਲਿਹਾਰੀ ਸਤਿਗੁਰ ਚਰਣਾ ॥੧॥
ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ ॥
ਮਨੁ ਜੀਵੈ ਪ੍ਰਭ ਨਾਮੁ ਚਿਤੇਰੇ ॥੧॥ਰਹਾਉ॥
ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ ॥
ਸੀਤਲ ਪੁਰਖ ਦ੍ਰਿਸਟਿ ਸੁਜਾਣੀ ॥੨॥
ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ ॥
ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥੩॥
ਤੁਮ ਮਿਹਰਵਾਨ ਦਾਸ ਹਮ ਦੀਨਾ ॥
ਨਾਨਕ ਸਾਹਿਬੁ ਭਰਪੁਰਿ ਲੀਣਾ ॥੪॥੨॥

੪.

ਮਲਾਰ ਮਹਲਾ ੫ ॥

ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ ॥੧॥ਰਹਾਉ॥
ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ ॥੧॥
ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ ॥੨॥
ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ ॥੩॥੮॥

੫.

ਸੂਹੀ ਮਹਲਾ ੫ ॥

ਦਰਸਨੁ ਦੇਖਿ ਜੀਵਾ ਗੁਰ ਤੇਰਾ ॥
ਪੂਰਨ ਕਰਮੁ ਹੋਇ ਪ੍ਰਭ ਮੇਰਾ ॥੧॥
ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥
ਦੇਹਿ ਨਾਮੁ ਕਰਿ ਅਪਣੇ ਚੇਰੇ ॥੧॥ਰਹਾਉ॥
ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥
ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ ॥੨॥
ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥
ਚਰਣ ਕਮਲ ਵਸਹਿ ਮੇਰੈ ਚੀਤਾ ॥੩॥
ਨਾਨਕੁ ਏਕ ਕਰੈ ਅਰਦਾਸਿ ॥
ਵਿਸਰੁ ਨਾਹੀ ਪੂਰਨ ਗੁਣਤਾਸਿ ॥੪॥੧੮॥

Sri Satguru Jagjit Singh Ji eLibrary NamdhariElibrary@gmail.com